# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 04 ਜੂਨ 2024 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪਿੰਡ ਕੋਟਲਾ ਨਿਹੰਗ ਦੇ ਖੇਡ ਮੈਦਾਨ 'ਚੋਂ ਮੋਟਰ ਚੋਰੀ

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ



ਰੋਪੜ, 04 ਜੂਨ : ਇੱਥੋਂ ਨੇੜਲੇ ਪਿੰਡ ਕੋਟਲਾ ਨਿਹੰਗ ਦੇ ਖੇਡ ਮੈਦਾਨ ਵਿੱਚੋਂ ਪਾਣੀ ਵਾਲ਼ੀ ਮੋਟਰ ਚੋਰੀ ਹੋ ਗਈ। ਜਿਸ ਬਾਰੇ ਪ੍ਰਧਾਨ ਜਸਵੀਰ ਸਿੰਘ ਹੈਪੀ ਨੇ ਦੱਸਿਆ ਕਿ ਪਿੰਡ ਦੇ ਸ਼ਹੀਦ ਬਾਬਾ ਦੀਪ ਸਿੰਘ ਜੀ ਸਪੋਰਟਸ ਕਲੱਬ ਦੇ ਸਾਰੇ ਮੈਬਰਾਂ ਵੱਲੋਂ ਮੈਦਾਨ ਨੂੰ ਹਰਾ ਭਰਾ ਰੱਖਣ ਲਈ ਉਗਰਾਹੀ ਕਰਕੇ 2 ਐਚ.ਪੀ. ਦੀ ਮੋਟਰ (ਕੀਮਤ: 20000 ਰੁਪਏ) ਟੋਭੇ ਵਿੱਚੋਂ ਪਾਣੀ ਲਗਾਉਣ ਲਈ ਪਾਈ ਹੋਈ ਸੀ। ਜਦੋਂ ਅੱਜ ਸਵੇਰੇ ਮੋਟਰ ਚਲਾਉਣ ਲਈ ਗਏ ਤਾਂ ਮੋਟਰ ਮੌਜੂਦ ਹੀ ਨਹੀ ਸੀ। ਉਨ੍ਹਾਂ ਪਿੰਡ ਦੇ ਹੀ ਕੁੱਝ ਨਸ਼ਈ ਅਨਸਰਾਂ 'ਤੇ ਚੋਰੀ ਕਰਨ ਦਾ ਸ਼ੱਕ ਪ੍ਰਗਟਾਇਆ ਅਤੇ ਪ੍ਰਸ਼ਾਸਨ ਨੂੰ ਸਖਤ ਤੋਂ ਸਖਤ ਕਾਰਵਾਈ ਕਰਕੇ ਮੋਟਰ ਬਰਾਮਦ ਕਰਨ ਲਈ ਅਪੀਲ ਕੀਤੀ।

## ਜੀ ਜੀ ਐੱਨ ਖਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਮੋਹਨ ਗਿੱਲ ਦੀ ਪੁਸਤਕ "ਰੂਹ ਦਾ ਸਾਲਣੂ" ਡਾ. ਸ ਪ ਸਿੰਘ ਤੇ ਡਾ. ਦਲਬੀਰ ਸਿੰਘ ਕਥੂਰੀਆ ਤੇ ਸਾਥੀਆਂ ਵੱਲੋਂ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ

ਲੁਧਿਆਣਾ: 4 ਜੂਨ : ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਿਜ ਲੁਧਿਆਣਾ ਵੱਲੋਂ ਸਰੀ(ਕੈਨੇਡਾ) ਵੱਸਦੇ ਪੰਜਾਬੀ ਲੇਖਕ ਮੋਹਨ ਗਿੱਲ ਡੇਹਲੋਂ ਦੀ ਚੇਤਨਾ ਪ੍ਰਕਾਸ਼ਨ ਵੱਲੋਂ ਨਵ ਪ੍ਰਕਾਸ਼ਿਤ ਪੁਸਤਕ ਗੁਰੂ ਨਾਨਕ ਦੇਵ ਯੂਨੀ. ਦੇ ਸਾਬਕਾ ਵੀ ਸੀ, ਡਾ. ਸ ਪ ਸਿੰਘ, ਡਾ. ਦਲਬੀਰ ਸਿੰਘ ਕਥੂਰੀਆ (ਚੇਅਰਮੈਨ. ਵਿਸ਼ਵ ਪੰਜਾਬੀ ਸਭਾ) ਪ੍ਰੋ. ਗੁਰਭਜਨ ਸਿੰਘ ਗਿੱਲ (ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਡਮੀ) ਡਾ.ਗੁਰਚਰਨ ਕੌਰ ਕੋਚਰ( ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ) ਸ. ਹਸ਼ਰਨ ਸਿੰਘ ਤੇ ਕਾਲਿਜ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਲੋਕ ਅਰਪਣ ਕੀਤੀ।



ਵਿਸ਼ਵ ਪੰਜਾਬੀ ਸਭਾ ਟਰੋਂਟੋ ਦੇ ਸੰਸਥਾਪਕ ਚੇਅਰਮੈਨ ਸਰਦਾਰ ਦਲਬੀਰ ਸਿੰਘ ਕਥੂਰੀਆ ਨਾਲ ਰੂ-ਬ-ਰੂ ਸਮਾਗਮ ਆਯੋਜਿਤ ਕੀਤਾ ਗਿਆ। ਵਿਚਾਰ ਚਰਚਾ ਦੌਰਾਨ ਮੁਢਲੇ ਦੌਰ ਦੇ ਪਰਵਾਸੀ ਪੰਜਾਬੀ ਸਾਹਿਤ ਦੀ ਸਾਂਭ ਸੰਭਾਲ , ਪਰਵਾਸੀ ਪੰਜਾਬੀ ਸਾਹਿਤ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਸ ਪ ਸਿੰਘ ਪ੍ਰਧਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨ ਕੌਂਸਲ ਅਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸਭ ਨੂੰ ਰਸਮੀ ਤੌਰ ਤੇ ਜੀ ਆਇਆਂ ਕਿਹਾ ਅਤੇ ਉਹਨਾਂ ਨੇ ਗਦਰ ਲਹਿਰ ਦੇ ਸਾਹਿਤ ਤੋਂ ਆਪਣੀ ਗੱਲ ਆਰੰਭ ਕਰਦੇ ਹੋਏ ਕਿਹਾ ਕਿ ਪਰਵਾਸੀ ਪੰਜਾਬੀ ਸਾਹਿਤ ਦਾ ਆਰੰਭ ਗਦਰ ਲਹਿਰ ਦੇ ਸਾਹਿਤ ਨਾਲ ਸ਼ੁਰੂ ਹੁੰਦਾ ਹੈ। ਉਸ ਤੋਂ ਬਾਅਦ ਬਹੁਤ ਸਾਰੇ ਹੋਰ ਵੀ ਅਜਿਹੇ ਲੇਖਕ ਜਿਵੇਂ ਗੁਜਰਾਂਵਾਲਾ ਦੇ ਜੰਮਪਾਲ ਅਤੇ ਥਾਈਲੈਂਡ( ਸਿਆਮ) ਵਾਸੀ ਅਭੈ ਸਿੰਘ ਦੀ ਪੁਸਤਕ ਚੰਬੇ ਦੀਆਂ ਕਲੀਆਂ ,ਗਿਆਨੀ ਕੇਸਰ ਸਿੰਘ ਦੀ ਪੁਸਤਕ ਕਾਮਾਗਾਟਾ ਮਾਰੂ ਐਂਡ ਸਿਖਸ,ਪ੍ਰੋਫੈਸਰ ਦੀਦਾਰ ਸਿੰਘ ਦੀ ਪੁਸਤਕ ਲੂਣਾ ਹੁਣ ਉਪਲਭਧ ਹੀ ਨਹੀਂ ਹਨ। ਉਹਨਾਂ ਨੇ ਕਿਹਾ ਕਿ ਸੰਸਥਾਵਾਂ ਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਹਰ ਸੰਭਵ ਕੋਸ਼ਿਸ਼ ਕਰਕੇ ਅਜਿਹੀਆਂ ਮੁੱਲਵਾਨ ਪੁਸਤਕਾਂ ਨੂੰ ਪ੍ਰਾਪਤ ਕਰਕੇ ਆਪਣੀਆਂ ਲਾਈਬ੍ਰੇਰੀਆਂ ਵਿੱਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਕਿ ਇਹ ਸਾਡੇ ਸਾਹਿਤ, ਇਤਿਹਾਸ ਅਤੇ ਸੱਭਿਆਚਾਰ ਦਾ ਵਡਮੁੱਲਾ ਖਜ਼ਾਨਾ ਹਨ। ਡਾ. ਦਲਬੀਰ ਸਿੰਘ ਕਥੂਰੀਆ ਨੇ ਇਸ ਮੌਕੇ ਵਿਸ਼ਵ ਪੰਜਾਬੀ ਸਭਾ ਦੀਆਂ ਸਾਹਿਤਿਕ ਸਰਗਰਮੀਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਹਨਾਂ ਨੇ ਦੱਸਿਆ ਕਿ ਸਾਡੀ ਸਭਾ ਇਹ ਉਪਰਾਲਾ ਕਰ ਰਹੀ ਹੈ ਕਿ ਪੰਜਾਬ ਤੋਂ ਬਾਅਦ ਹਰਿਆਣੇ, ਦਿੱਲੀ, ਰਾਜਸਥਾਨ ਵਿੱਚ ਵੀ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਯਤਨ ਕੀਤੇ ਜਾਣ ਅਤੇ ਇਸ ਮਕਸਦ ਨੂੰ ਮੁੱਖ ਰੱਖਦਿਆਂ ਉਹਨਾਂ ਨੇ ਬੱਚਿਆਂ ਲਈ ਕਾਫੀ ਪ੍ਰੋਗਰਾਮ ਵੀ ਉਲੀਕੇ ਹਨ। ਇਸ ਮੌਕੇ ਜਾਣਕਾਰੀ ਦਿੰਦਿਆਂ ਉਹਨਾਂ ਨੇ ਕਿਹਾ ਕਿ 16- 17- 18 ਜੁਲਾਈ ਨੂੰ ਵਿਸ਼ਵ ਪੰਜਾਬੀ ਸਭਾ ਵੱਲੋਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਆਯੋਜਿਤ ਕੀਤੀ ਜਾਵੇਗੀ ਜਿਸ ਵਿੱਚ ਵਿਸ਼ਵ ਭਰ ਤੋਂ ਪੰਜਾਬੀ ਸਾਹਿਤ ਪ੍ਰੇਮੀ ਵੱਖ-ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕਰਨਗੇ।ਪ੍ਰੋਫੈਸਰ ਗੁਰਭਜਨ ਗਿੱਲ, ਪ੍ਰਧਾਨ ਲੋਕ ਵਿਰਾਸਤ ਦਾ ਅਕੈਡਮੀ ਲੁਧਿਆਣਾ ਨੇ ਇਸ ਮੌਕੇ ਸ੍ਰੀ ਗੁਰੂ ਨਾਨਕ ਜਹਾਜ਼ ( ਕਾਮਾਗਾਟਾ ਮਾਰੂ) ਬਾਰੇ, ਸ. ਗੁਰਦਿੱਤ ਸਿੰਘ ਕਾਮਾ ਗਾਟਾ ਮਾਰੂ ਦੀ ਜੀਵਨੀ ਬਾਰੇ , ਕਾਮਾਗਾਟਾਮਾਰੂ ਸ਼ਬਦ ਦੀਆਂ ਜੜਾਂ ਬਾਰੇ ,ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ, ਭਾਈ ਭਾਗ ਸਿੰਘ, ਗਦਰ ਪਾਰਟੀ ਦੇਸ਼ ਭਗਤ ਬੀਬੀ ਗੁਲਾਬ ਕੌਰ, ਕਰਤਾਰ ਸਿੰਘ ਸਰਾਭਾ ਅਤੇ ਉਸਦੇ ਛੇ ਹੋਰ ਸ਼ਹੀਦ ਸਾਥੀਆਂ ਬਾਰੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਬਾਰੇ ਸਰੋਤਿਆਂ ਨੂੰ ਜਾਣਕਾਰੀ ਦਿੱਤੀ ।ਇਸ ਮੌਕੇ ਕੈਨੇਡਾ (ਸਰੀ) ਵੱਸਦੇ ਲੇਖਕ ਮੋਹਨ ਗਿੱਲ ਦੀ ਨਵ ਪ੍ਰਕਾਸ਼ਿਤ ਪੁਸਤਕ ਰੂਹ ਦਾ ਸ਼ਾਲਣੂ ਵੀ ਲੋਕ ਅਰਪਣ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ.ਅਰਵਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ ਅਤੇ ਉਹਨਾਂ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਦੇਸ਼ਾਂ ਦੀਆਂ ਸਾਹਿਤ ਸਭਾਵਾਂ ਨਾਲ ਮਿਲ ਕੇ ਪਰਵਾਸੀ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਨਿਰੰਤਰ ਯਤਨਸ਼ੀਲ ਰਹੇਗਾ। ਇਸ ਮੌਕੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ ,ਪ੍ਰੋਫੈਸਰ ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ ਜੀ ਐਨ ਆਈ ਐਮ ਟੀ ਡਾ. ਗੁਰਚਰਨ ਕੌਰ ਕੋਚਰ ,ਸ਼ਾਇਰ ਤ੍ਰੈਲੋਚਨ ਲੋਚੀ (ਦੋਵੇਂ ਮੀਤ ਪ੍ਰਧਾਨ ਸਹਿਤ ਅਕੈਡਮੀ ਲੁਧਿਆਣਾ)ਮੈਡਮ ਬਲਬੀਰ ਕੌਰ ਰਾਏਕੋਟੀ (ਪ੍ਰਧਾਨ ਭਾਰਤੀ ਇਕਾਈ) ਕੰਵਲਜੀਤ ਸਿੰਘ ਲੱਕੀ(ਮੀਤ ਪ੍ਰਧਾਨ) ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਸ਼ਰਨਜੀਤ ਕੌਰ, ਡਾ. ਤਜਿੰਦਰ ਕੌਰ, ਹਿੰਦੀ ਵਿਭਾਗ ਤੋਂ ਡਾ.ਦਲੀਪ ਸਿੰਘ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਰਹੇ।

## ਪਿੰਡ ਕਿਲ੍ਹਾ ਨੌਂ ਵਿਖੇ ਬਿਸਮਿਲ ਗ੍ਰਾਮੀਣ ਸਾਹਿਤਕ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ 4 ਜੂਨ : ਇੱਥੋਂ ਥੋੜੀ ਦੂਰ ਪਿੰਡ ਕਿਲ੍ਹਾ ਨੌਂ ਵਿੱਖੇ ਪਿੰਡ ਦੇ ਹੀ ਕੁੱਝ ਅਗਾਹ ਵਧੂ ਸੋਚ ਦੇ ਨੌਜਵਾਨਾਂ ਨੇ ਪੰਜ਼ਾਬੀ ਦੇ ਪ੍ਰਸਿੱਧ ਸਾਹਿਤਕਾਰ ਬਿਸਮਿਲ ਫਰੀਦਕੋਟੀ ਜੀ ਨੂੰ ਸਮਰਪਿਤ ਬਿਸਮਿਲ ਗ੍ਰਾਮੀਣ ਸਾਹਿਤਕ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ।ਇਸ ਸ਼ਲਾਘਾਯੋਗ ਕੰਮ ਦੇ ਲਈ ਮਾਸਟਰ ਪਰਮਜੀਤ ਸਿੰਘ ਸੰਧੂ ਨੇ ਆਪਣੇ ਵੱਲੋਂ ਲਾਇਬ੍ਰੇਰੀ ਲਈ ਕਮਰਾ, ਫਰਨੀਚਰ ਵੀ ਦਿੱਤਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੋਵੇਗਾ ਕਿ ਬਿਸਮਿਲ ਫਰੀਦਕੋਟੀ ਅੰਤਲੇ ਸਮੇਂ ਪਿੰਡ ਕਿਲ੍ਹਾ ਨੌਂ ਵਿਖੇ ਹੀ ਰਹਿੰਦਾ ਰਿਹਾ ਸੀ। ਇਸ ਲਾਇਬ੍ਰੇਰੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਸਾਂਭ ਸੰਭਾਲ ਲਈ ਸਰਵਸੰਮਤੀ ਨਾਲ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਮੁੱਖ ਸਰਪ੍ਰਸਤ ਮਾਸਟਰ ਪਰਮਜੀਤ ਸਿੰਘ ਸੰਧੂ, ਲਾਇਬ੍ਰੇਰੀ ਇੰਚਾਰਜ਼ ਜੋਗਿੰਦਰ ਪਾਲ ਗਿੰਦਰ,ਪ੍ਰਧਾਨ ਇਕਬਾਲ ਸਿੰਘ ਵਾਂਦਰ,ਮੀਤ ਪ੍ਰਧਾਨ ਇੰਦਰਜੀਤ ਸਿੰਘ ਖੀਵਾ, ਜਨਰਲ ਸਕੱਤਰ ਸਾਹਿਤਕਾਰ ਧਰਮ ਪ੍ਰਵਾਨਾਂ, ਸਹਾਇਕ ਸਕੱਤਰ ਜਸਵਿੰਦਰ ਸਿੰਘ ਰਾਜਾ,ਵਿੱਤ ਸਕੱਤਰ ਗੁਰਪ੍ਰੀਤ ਸਿੰਘ ਬਰਾੜ, ਪ੍ਰਚਾਰ ਸਕੱਤਰ ਜੁਗਰਾਜ ਸਿੰਘ ਰਾਜਾ,ਅਰਸ਼ਦੀਪ ਸਿੰਘ ਮੈਂਬਰ ਅਮਰਜੀਤ ਸਿੰਘ ਮੈਬਰ, ਸੁਖਵੀਰ ਸਿੰਘ ਮੈਂਬਰ ,ਜਸਪ੍ਰੀਤ ਸਿੰਘ ਮਾਨ ਮੈਂਬਰ,ਸੱਤਪਾਲ ਸਿੰਘ ਖੀਵਾ ਮੈਂਬਰ ,ਗੁਰਦਾਸ ਸਿੰਘ ਗਿੱਲ ਮੈਂਬਰ ,ਜਸਪ੍ਰੀਤ ਸਿੰਘ ਗੱਲੋ ਮੈਂਬਰ ,ਬਲਰਾਜ ਸਿੰਘ ਮੈਂਬਰ ,ਗੁਰਪ੍ਰੀਤ ਸਿੰਘ ਮੈਂਬਰ ,ਤੇਜਵਿੰਦਰ ਸਿੰਘ ਮੈਂਬਰ ,ਹਰਮਨ ਸਿੰਘ ਮੈਂਬਰ ਚੁਣੇ ਗਏ।ਕਮੇਟੀ ਨੇ ਅੱਗੇ ਦੱਸਿਆ ਕਿ ਛੇਤੀ ਹੀ ਆਉਣ ਵਾਲੇ ਦਿਨਾਂ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆਂ ਜਾਵੇਗਾ ਅਤੇ ਲਾਇਬ੍ਰੇਰੀ ਦਾ ਉਦਘਾਟਨ ਵੀ ਕੀਤਾ ਜਾਵੇਗਾ।

## ਚੰਡੀਗੜ੍ਹ ਯੂਨੀਵਰਸਿਟੀ ਵਲੋਂ ਦਵਿੰਦਰ ਕੌਰ ਖੁਸ਼ ਧਾਲੀਵਾਲ ਦੀ ਪੁਸਤਕ 'ਤਿਰਕਦਾ ਮੋਤੀ' ਦਾ ਹੋਇਆ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ: 4 ਜੂਨ : ਚੰਡੀਗੜ ਯੂਨੀਵਰਸਿਟੀ ਵਲੋਂ 21 ਸਦੀ ਦੀ ਔਰਤ ਦੀ ਦਿਸ਼ਾ ਤੇ ਇਕ ਥੀਮ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮਿਸਜ਼ ਚਾਂਸਲਰ ਦਮਨਦੀਪ ਕੌਰ ਸੰਧੂ ਤੇ ਉਹਨਾਂ ਨਾਲ ਡਾ. ਪਰਗੀਆ ਸ਼ਰਮਾ ਵੀ ਪਹੁੰਚੇ। ਇਸ ਮੌਕੇ ਜਿੱਥੇ ਔਰਤਾਂ ਦੇ ਹੱਕ ਦੀ ਗੱਲ ਕਰਦੇ ਹੋਏ ਔਰਤਾਂ ਦੇ ਸਮਾਜ ਤੇ ਸੰਸਕ੍ਰਿਤੀ ਨੂੰ ਦੇਣ ਬਾਰੇ ਵਿਸ਼ੇਸ਼ ਯੋਗਦਾਨ ਤੇ ਵਿਚਾਰਾ ਕੀਤੀਆ। ਓਥੇ ਦਵਿੰਦਰ ਕੌਰ ਖੁਸ਼ ਧਾਲੀਵਾਲ ਦੀ ਪੁਸਤਕ ਤਿੜਕਦੇ ਮੋਤੀ ਵੀ ਲੋਕ ਅਰਪਣ ਕੀਤੀ ਗਈ।



ਇਸ ਮੌਕੇ ਦਮਨਦੀਪ ਕੌਰ ਸੰਧੂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਔਰਤਾਂ ਨੇ ਸਾਡੇ ਦੇਸ਼ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਦਿੱਤਾ ਹੈ। ਓਹਨਾਂ ਕਿਹਾ ਅੱਜ ਦੀ ਔਰਤ ਦੇਸ਼ ਤੇ ਦੁਨੀਆ ਵਿੱਚ ਹਰ ਖੇਤਰ ਵਿੱਚ ਆਪਣਾ ਯੋਗਦਾਨ ਦੇ ਰਹੀ ਹੈ। ਸੰਧੂ ਨੇ ਕਿਹਾ ਕਿ ਸਾਨੂੰ ਧੀਆਂ ਨੂੰ ਪੜਾਉਣ ਦੇ ਨਾਲ ਨਾਲ ਹਰ ਉਸ ਖੇਤਰ ਵਿੱਚ ਯੋਗਦਾਨ ਦੇਣਾ ਚਾਹੀਦਾ ਹੈ ਜਿਸ ਵਿੱਚ ਉਸਦੀ ਰੁਚੀ ਮਿਸਿਜ ਸੰਧੂ ਨੇ ਕਿਹਾ ਕਿ ਚੰਡੀਗੜ ਯੂਨੀਵਰਸਟੀ ਵਲੋਂ ਖੁਸ਼ ਧਾਲੀਵਾਲ ਵਲੋਂ ਲਿਖੀ ਪੁਸਤਕ ਤਿੜਕਦੇ ਮੋਤੀ ਪ੍ਰਕਾਸ਼ਿਤ ਕਰਨਾ ਬਹੁਤ ਮਾਣ ਵਾਲੀ ਗੱਲ ਹੈ। ਜਿਸ ਵਿੱਚ ਅੱਜ ਦੀ ਔਰਤ ਬਾਰੇ ਬਹੁਤ ਬਾਖੂਬੀ ਲਿਖਿਆ ਹੋਇਆ ਹੈ। ਇਸ ਮੌਕੇ ਡਾਕਟਰ ਭਾਵਨਾ ਸ਼ਰਮਾ, ਕਮਲਜੀਤ ਕੌਰ, ਵੋਮੈਨ ਸੈੱਲ ਦੇ ਸਟਾਫ, ਕਰਮਜੀਤ ਕੌਰ ਹਾਜ਼ਰ ਸਨ।

## ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਪੰਜਾਬ ਦੀਆਂ 5 ਸੀਟਾਂ 'ਤੇ ਵਿਧਾਨ ਸਭਾ ਉਪ ਚੋਣਾਂ ਹੋਣਗੀਆਂ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 4 ਜੂਨ : ਅੱਜ ਸੰਸਦੀ ਚੋਣਾਂ ਦੇ ਨਤੀਜੇ ਐਲਾਨੇ ਗਏ ਹਨ ਅਤੇ ਪੰਜਾਬ ਤੋਂ 13 ਮੈਂਬਰ ਪਾਰਲੀਮੈਂਟ (ਐਮਪੀ) ਚੁਣੇ ਗਏ ਹਨ।




ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਪੰਜਾਬ ਦੀਆਂ 5ਸੀਟਾਂ 'ਤੇ ਵਿਧਾਨ ਸਭਾ ਉਪ ਚੋਣਾਂ ਹੋਣੀਆਂ ਹਨ।
ਹੁਣ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਵਿੱਚ ਇੱਕ ਹੋਰ ਗੇੜ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ।
ਇਸ ਵਾਰ ਰਾਜ ਵਿੱਚ ਉਪ ਚੋਣਾਂ ਹੋਣਗੀਆਂ ਕਿਉਂਕਿ ਕੁਝ ਮੌਜੂਦਾ ਵਿਧਾਇਕ ਸੰਸਦ ਦੇ ਮੈਂਬਰ ਵਜੋਂ ਚੁਣੇ ਗਏ ਹਨ।

ਹੁਣ ਬਰਨਾਲਾ ਵਿਧਾਨ ਸਭਾ ਹਲਕੇ ਲਈ ਜ਼ਿਮਨੀ ਚੋਣ ਹੋਵੇਗੀ ਕਿਉਂਕਿ ਇੱਥੋਂ ਦੇ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਤੋਂ ਸੰਸਦ ਮੈਂਬਰ ਚੁਣੇ ਗਏ ਹਨ।
ਉਹ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵਿੱਚ ਕੈਬਨਿਟ ਮੰਤਰੀ ਹਨ।
ਉਨ੍ਹਾਂ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਰਾਜ ਸਰਕਾਰ ਵਿੱਚ ਕੈਬਨਿਟ ਦਾ ਅਹੁਦਾ ਵੀ ਖਾਲੀ ਹੋ ਗਿਆ ਹੈ।

ਸ੍ਰੀ ਮੁਕਤਸਰ ਸਾਹਿਬ ਦੀ ਗਿੱਦੜਬਾਹਾ ਇੱਕ ਹੋਰ ਸੀਟ ਹੈ ਜਿੱਥੇ ਉਪ ਚੋਣ ਹੋਣ ਜਾ ਰਹੀ ਹੈ ਕਿਉਂਕਿ ਇੱਥੋਂ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੁਧਿਆਣਾ ਲੋਕ ਸਭਾ ਸੀਟ ਨੂੰ 20,942 ਵੋਟਾਂ ਨਾਲ ਜਿੱਤ ਲਿਆ ਹੈ।

ਇੱਕ ਹੋਰ ਵਿਧਾਨ ਸਭਾ ਸੀਟ ਜਿਸ 'ਤੇ ਉਪ ਚੋਣਾਂ ਹੋਣ ਜਾ ਰਹੀਆਂ ਹਨ, ਉਹ ਹੈ ਹੁਸ਼ਿਆਰਪੁਰ ਦੀ ਚੱਬੇਵਾਲ ਕਿਉਂਕਿ ਇੱਥੋਂ ਦੇ ਵਿਧਾਇਕ ਰਾਜ ਕੁਮਾਰ ਨੇ ਹੁਸ਼ਿਆਰਪੁਰ ਸੰਸਦੀ ਸੀਟ ਨੂੰ 44111 ਵੋਟਾਂ ਨਾਲ ਜਿੱਤ ਲਿਆ ਹੈ ਅਤੇ ਉਹ ਵੀ ਚੋਣ ਲੜ ਰਹੇ ਹਨ।

## ਪੰਜਾਬ ਵਿੱਚ ਤਿੰਨ ਥਰਮਲ ਪਾਵਰ ਪਲਾਂਟ ਯੂਨਿਟ ਅਤੇ ਤਿੰਨ ਹਾਈਡਰੋ ਪਲਾਂਟ ਯੂਨਿਟ ਕੰਮ ਤੋਂ ਬਾਹਰ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 4 ਜੂਨ : ਪਾਰਾ ਵਧਣ ਨਾਲ ਬਿਜਲੀ ਦੀ ਮੰਗ ਵਧਣ ਨਾਲ ਸਰਕਾਰੀ ਮਾਲਕੀ ਵਾਲੇ, ਪ੍ਰਾਈਵੇਟ ਥਰਮਲ ਪਲਾਂਟਾਂ ਦੇ ਤਿੰਨ ਯੂਨਿਟ ਬੰਦ ਹੋ ਗਏ।
ਇੱਥੋਂ ਤੱਕ ਕਿ ਰਣਜੀਤ ਸਾਗਰ ਡੈਮ ਦੇ ਤਿੰਨ ਯੂਨਿਟ ਵੀ ਚਾਲੂ ਨਹੀਂ ਹਨ।



ਇਸ ਸਮੇਂ ਨਿੱਜੀ ਖੇਤਰ ਦੇ ਪਲਾਂਟ ਵਿੱਚ ਪੰਜਾਬ ਦੇ ਸਭ ਤੋਂ ਵੱਡੇ ਪ੍ਰਾਈਵੇਟ ਥਰਮਲ ਪਲਾਂਟ ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ.ਐੱਸ.ਪੀ.ਐੱਲ.) ਦਾ 660 ਮੈਗਾਵਾਟ ਦਾ ਇੱਕ ਯੂਨਿਟ ਅਤੇ ਸਰਕਾਰੀ ਮਾਲਕੀ ਵਾਲੇ ਥਰਮਲ ਪਲਾਂਟਾਂ ਦੇ ਦੋ ਯੂਨਿਟ, ਰੋਪੜ ਥਰਮਲ ਪਲਾਂਟ ਦਾ 210 ਮੈਗਾਵਾਟ ਦਾ ਇੱਕ ਯੂਨਿਟ ਅਤੇ ਇੱਕ ਯੂਨਿਟ ਗੁਰੂ ਅੰਗਦ ਦੇਵ ਥਰਮਲ ਪਲਾਂਟ, ਗੋਇੰਦਵਾਲ ਸਾਹਿਬ ਦੀ 270 ਮੈਗਾਵਾਟ ਬਿਜਲੀ ਸਪਲਾਈ ਬੰਦ ਹੋ ਗਈ ਹੈ।

ਇੱਥੋਂ ਤੱਕ ਕਿ ਰਣਜੀਤ ਸਾਗਰ ਡੈਮ ਦੇ 150 ਮੈਗਾਵਾਟ ਦੇ ਤਿੰਨ ਪਣ ਬਿਜਲੀ ਯੂਨਿਟ ਵੀ ਚਾਲੂ ਨਹੀਂ ਹਨ।

ਸਿਖਰ ਦੇ ਸਮੇਂ ਵਿੱਚ ਜਦੋਂ ਗਰਮੀ ਦੀ ਲਹਿਰ ਕਾਰਨ ਬਿਜਲੀ ਦੀ ਮੰਗ ਵੱਧ ਰਹੀ ਹੈ, ਸਰਕਾਰੀ ਮਾਲਕੀ ਵਾਲੇ ਅਤੇ ਨਿੱਜੀ ਥਰਮਲ ਪਲਾਂਟਾਂ ਅਤੇ ਸਰਕਾਰੀ ਮਾਲਕੀ ਵਾਲੇ ਹਾਈਡਰੋ ਪਾਵਰ ਪਲਾਂਟਾਂ ਨੇ ਇੱਕ ਜਾਂ ਦੂਜੇ ਕਾਰਨਾਂ ਕਰਕੇ 1590 ਮੈਗਾਵਾਟ ਬਿਜਲੀ ਦਾ ਉਤਪਾਦਨ ਬੰਦ ਕਰ ਦਿੱਤਾ ਹੈ।

ਟੀਐਸਪੀਐਲ ਅਧਿਕਾਰੀਆਂ ਦੇ ਅਨੁਸਾਰ, "ਉਨ੍ਹਾਂ ਦੀ 660 ਮੈਗਾਵਾਟ ਦੀ ਇੱਕ ਯੂਨਿਟ ਵਿੱਚ ਬਾਇਲਰ ਨਾਲ ਸਬੰਧਤ ਕੁਝ ਸਮੱਸਿਆ ਪੈਦਾ ਹੋਈ ਹੈ ਅਤੇ ਇਹ ਅੱਜ ਸ਼ਾਮ ਜਾਂ ਕੱਲ ਸਵੇਰ ਤੱਕ ਸਕਾਰਾਤਮਕ ਤੌਰ 'ਤੇ ਚਾਲੂ ਹੋ ਜਾਵੇਗਾ।
ਸਾਡੇ ਇੰਜੀਨੀਅਰ ਇਸ ਸਮੱਸਿਆ ਨੂੰ ਹੱਲ ਕਰਨ ਲਈ ਰਾਤੋ-ਰਾਤ ਕੰਮ ਕਰ ਰਹੇ ਹਨ।
ਨਾਮ ਨਾ ਛਾਪਣ ਦੀ ਸ਼ਰਤ 'ਤੇ ਇਕ ਅਧਿਕਾਰੀ ਨੇ ਕਿਹਾ, "ਹਾਲਾਂਕਿ ਰਾਜ 16000 ਮੈਗਾਵਾਟ ਤੱਕ ਦਾ ਪ੍ਰਬੰਧ ਕਰ ਸਕਦਾ ਹੈ ਪਰ ਝੋਨੇ ਦਾ ਸੀਜ਼ਨ ਨੇੜੇ ਆਉਣ ਨਾਲ 4000 ਮੈਗਾਵਾਟ ਵਾਧੂ ਬਿਜਲੀ ਦੀ ਲੋੜ ਪਵੇਗੀ।
ਮੌਜੂਦਾ ਮੰਗ ਮਈ ਵਿੱਚ 14000 ਮੈਗਾਵਾਟ ਨੂੰ ਪਾਰ ਕਰਨ ਦੇ ਨਾਲ ਅਤੇ ਆਉਣ ਵਾਲੇ ਝੋਨੇ ਦੇ ਸੀਜ਼ਨ ਲਈ ਜੂਨ ਵਿੱਚ 4000 ਮੈਗਾਵਾਟ ਦੀ ਲੋੜ ਹੋਵੇਗੀ;
ਰਾਜ ਸਿਰਫ 16000 ਮੈਗਾਵਾਟ ਦੀ ਪ੍ਰਣਾਲੀ ਨਾਲ ਬਿਜਲੀ ਦੀ ਕਮੀ ਦੇ ਦ੍ਰਿਸ਼ ਵੱਲ ਜਾ ਰਿਹਾ ਹੈ।

ਚੇਤਾਵਨੀ: ਪੰਜਾਬ ਵਿੱਚ ਤਿੰਨ ਥਰਮਲ ਪਾਵਰ ਪਲਾਂਟ ਯੂਨਿਟ ਅਤੇ ਤਿੰਨ ਹਾਈਡਰੋ ਪਲਾਂਟ ਯੂਨਿਟ ਕੰਮ ਤੋਂ ਬਾਹਰ ਹੋ ਗਏ ਹਨ।
ਇਸ ਦੌਰਾਨ ਦੇਰ ਰਾਤ ਤੱਕ ਖ਼ਬਰ ਅਪਲੋਡ ਹੋਣ ਕਾਰਨ ਸਰਕਾਰੀ ਮਾਲਕੀ ਵਾਲੇ ਥਰਮਲ, ਹਾਈਡਰੋ ਪਾਵਰ ਪਲਾਂਟਾਂ ਦੇ ਚਾਲੂ ਨਾ ਹੋਣ ਬਾਰੇ ਪਾਵਰਕਾਮ ਦੇ ਅਧਿਕਾਰੀਆਂ ਨਾਲ ਸੰਪਰਕ ਨਹੀਂ ਕੀਤਾ ਜਾ ਸਕਿਆ।

## ਮਾਨਵਤਾ ਦੇ ਸੱਚੇ ਸੇਵਕ :ਭਗਤ ਪੂਰਨ ਸਿੰਘ




ਵਰਲਡ ਪੰਜਾਬੀ ਟਾਈਮਜ਼
ਜਿਓਤੀ ਸ਼ਾਹੀ

ਪੰਜਾਬ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਅਨੇਕਾਂ ਸਖਸ਼ੀਅਤਾਂ ਨੂੰ ਅਲੱਗ ਅਲੱਗ ਨਾਮ ਦੇ ਨਾਲ ਜਾਣਿਆ ਜਾਂਦਾ ਹੈ |ਉਹਨਾਂ ਵਿੱਚੋਂ ਭਗਤ ਪੂਰਨ ਸਿੰਘ ਨੂੰ ਦੁਨਿਆਵੀ ਭਗਤੀ ਦਾ ਸਿਰਮੌਰ ਭਗਤ, ਦਇਆਵਾਨ ,ਨਿਆਸਰਿਆਂ ਦਾ ਆਸਰਾ ,ਪਿੰਗਲਵਾੜੇ ਦਾ ਬਾਨੀ ,ਦੈਵੀ ਦਰਵੇਸ਼, ਨਿਸ਼ਕਾਮ ਸੇਵਾ ਭਾਵਨਾ ਦੇ ਪੁੰਜ ,ਯੁੱਗ ਪੁਰਸ਼ ,ਨਿਓਟਿਆਂ ਦੀ ਓਟ ,ਰੂਹਾਨੀ ਪ੍ਰਤਿਭਾ ਦੇ ਮਾਲਕ, ਮਹਾਦਾਨੀ ,ਸੰਤ ਮਹਾਤਮਾ ਦੇ ਰੂਪ, ਮਾਨਵਤਾ ਦਾ ਮਸੀਹਾ ,ਆਦਿ ਅਨੇਕਾਂ ਨਾਮ ਵਿਸ਼ੇਸ਼ਣ ਦੇ ਨਾਂ ਜਾਣਿਆ ਜਾਂਦਾ ਹੈ| ਭਗਤ ਪੂਰਨ ਸਿੰਘ ਨੂੰ 20 ਵੀ ਸਦੀ ਦੇ ਭਾਈ ਘਨੱਈਆ ਜੀ ਦੇ ਨਾਮ ਨਾਲ ਵੀ ਸੰਬੋਧਨ ਕਰਕੇ ਜਾਣਿਆ ਜਾਂਦਾ ਹੈ |ਮਾਨਵਤਾ ਦੀ ਭਲਾਈ ਨਾਲ ਜੁੜੇ ਸੇਵਾ ਭਾਵਨਾ ਦੇ ਪੁੰਜ, ਭਗਤ ਪੂਰਨ ਸਿੰਘ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ ਹਨ|

ਦੀਨ ਦੁਨੀਆ ਦੇ ਸੇਵਕ ,ਨਿਥਾਣਿਆਂ ਦੇ ਥਾਣ, ਬੇਸਆਸਰਿਆਂ ਨੂੰ ਆਸਰਾ ਦੇਣ ਵਾਲੇ ਇਸ ਸਖਸ਼ ਦਾ ਜਨਮ ਚਾਰ ਜੂਨ 1904 ਈਸਵੀ ਨੂੰ ਪਿੰਡ ਰਾਜੇਵਾਲ ਰੇਹਣੋਂ, ਤਹਿਸੀਲ ਖੰਨਾ ਜਿਲ੍ਹਾ ਲੁਧਿਆਣਾ ਵਿਖੇ ਪਿਤਾ ਸੇਠ ਸ਼ਿੱਬੂ ਮਲ ਸ਼ਾਹੂਕਾਰ ਅਤੇ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਹੋਇਆ| ਭਗਤ ਪੂਰਨ ਸਿੰਘ ਦੇ ਬਚਪਨ ਦਾ ਨਾਮ ਰਾਮ ਜੀ ਦਾਸ ਸੀ |ਪਿਤਾ ਸ਼ਿਬੂ ਮਲ ਇੱਕ ਅਮੀਰ ਖੱਤਰੀ ਸ਼ਾਹੂਕਾਰ ਸੀ ਅਤੇ ਮਾਤਾ ਮਹਿਤਾਬ ਕੌਰ ਸਿੱਖ ਪਰਿਵਾਰ ਨਾਲ ਸਬੰਧ ਰੱਖਦੀ ਸੀ| ਜਿਹੜੀ ਕਿ ਧਾਰਮਿਕ ਖਿਆਲਾ ਅਤੇ ਸੂਖਮ ਬਿਰਤੀ ਦੀ ਮਾਲਕ ਸੀ| ਬਚਪਨ ਤੋਂ ਹੀ ਭਗਤ ਜੀ ਨੂੰ ਪੜਨ ਲਿਖਣ ਦਾ ਸ਼ੌਕ ਸੀ |ਉਹਨਾਂ ਦੇ ਮਨ ਵਿੱਚ ਪਰਉਪਕਾਰ ਦੀ ਭਾਵਨਾ ਆਪਣੀ ਮਾਂ ਵੱਲੋਂ ਮਿਲੇ ਸੰਸਕਾਰਾਂ ਦੀ ਦੀ ਦੇਣ ਨਾਲ ਪੈਦਾ ਹੋਈ| ਭਗਤ ਜੀ ਆਪਣੀ ਮਾਂ ਬਾਰੇ ਆਖਦੇ ਹਨ ,"ਮੇਰੀ ਮਾਂ ਇੱਕ ਕਲਾਕਾਰ ਸੀ ,ਜਿਸ ਨੇ ਮੇਰੀ ਸ਼ਖਸ਼ੀਅਤ ਨੂੰ ਬੜੇ ਪਿਆਰ ਤੇ ਸ਼ਰਧਾ ਨਾਲ ਘੜਿਆ |ਉਸਨੇ ਆਪਣਾ ਸਮੁੱਚਾ ਪਿਆਰ ਅਤੇ ਰੀਝਾਂ ਮੇਰੇ ਉੱਤੇ ਕੁਰਬਾਨ ਕਰ ਦਿੱਤੀਆਂ|"

1913 ਵਿੱਚ ਪਏ ਕਾਲ ਨਾਲ ਉਸਦੇ ਪਿਤਾ ਦਾ ਕਾਰੋਬਾਰ ਤਬਾਹ ਹੋ ਗਿਆ| ਜਿਸ ਕਾਰਨ ਦੋਵਾਂ ਮਾਂ ਤੇ ਪੁੱਤ ਨੂੰ ਆਰਥਿਕ ਤੰਗੀਆਂ ਤਰੁਸੀਆਂ ਵਿੱਚ ਜੀਵਨ ਬਤੀਤ ਕਰਨਾ ਪਿਆ| ਪਿਤਾ ਦੀ ਮੌਤ ਤੋਂ ਬਾਅਦ ਮਾਤਾ ਉੱਪਰ ਸਾਰੀ ਪਰਿਵਾਰਿਕ ਜਿੰਮੇਵਾਰੀ ਪੈ ਗਈ| ਮਾਤਾ ਮਹਿਤਾਬ ਕੌਰ ਨੇ ਗਰੀਬੀ ਕੱਟਣ ਤੇ ਰਾਮ ਜੀ ਦਾਸ ਦੀ ਪੜ੍ਹਾਈ ਲਈ ਕਈ ਥਾਈ ਨੌਕਰੀ ਵੀ ਕੀਤੀ| ਪੜ੍ਹਾਈ ਵਿਚਕਾਰ ਛੱਡ ਕੇ ਉਹ ਲਾਹੌਰ ਗੁਰਦੁਆਰਾ ਡੇਰਾ ਸਾਹਿਬ ਵਿਖੇ ਬਿਨਾਂ ਤਨਖਾਹ ਤੋਂ ਸੇਵਾ ਭਾਵਨਾ ਨਾਲ ਜਿੰਦਗੀ ਜਿਉਣੀ ਸ਼ੁਰੂ ਕਰ ਦਿੱਤੀ| ਉਹਨਾਂ ਦੇ ਮਨ ਵਿੱਚ ਪਰਉਪਕਾਰ ਦੀ ਭਾਵਨਾ ਦੇ ਸੁਪਨਿਆਂ ਨੂੰ ਆਪਣੀ ਮੰਜ਼ਿਲ ਸਮਝਿਆ| 1934 ਵਿੱਚ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਚਾਰ ਸਾਲਾਂ ਦਾ ਅਪੰਗ ਬੱਚੇ ਨੂੰ ਪਰਿਵਾਰ ਵਾਲੇ ਡਿਊੜੀ ਅੱਗੇ ਰੱਖ ਗਏ ਤੇ ਸੇਵਾਦਾਰਾਂ ਨੇ ਉਹ ਬੱਚਾ ਰਾਮ ਜੀ ਦਾਸ ਦੇ ਹਵਾਲੇ ਕਰ ਦਿੱਤਾ| ਉਸ ਦੀ ਸੇਵਾ ਕਰਨ ਨਾਲ ਹੀ ਨਾਲ ਹੀ ਰਾਮ ਜੀ ਦਾਸ ਭਗਤ ਪੂਰਨ ਸਿੰਘ ਦੇ ਰੂਪ ਵਿੱਚ ਨਿਖਰ ਕੇ ਸਾਹਮਣੇ ਆਏ| ਭਗਤ ਪੂਰਨ ਸਿੰਘ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ, ਜਿਹੜਾ ਬੇਸਹਾਰਿਆਂ ਦੀ ਸੇਵਾ ਵਾਲਾ ਪਰਉਪਕਾਰੀ ਦੀ ਭਾਵਨਾ ਵਾਲਾ ਰੂਪ ਹੋ ਨਿਬੜਿਆ| ਉਸ ਬੱਚੇ ਦਾ ਨਾਮ ਪਿਆਰਾ ਰੱਖਿਆ ਗਿਆ|

ਭਗਤ ਜੀ ਜਿੱਥੇ ਵੀ ਜਾਂਦੇ ਉਸ ਪਿਆਰੇ ਨੂੰ ਮੋਢੇ ਕੁੱਛੜ ਵਿੱਚ ਚੁੱਕ ਕੇ ਲੈ ਕੇ ਜਾਂਦੇ| 1947 ਨੂੰ ਦੇਸ਼ ਆਜ਼ਾਦ ਹੋਣ ਸਮੇਂ ਭਗਤ ਜੀ ਉਸ ਅਪੰਗ ਬੱਚੇ ਨੂੰ ਚੁੱਕ ਕੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚੇ| ਕੈਂਪ ਵਿੱਚ ਅਨੇਕਾਂ ਬੇਸਹਾਰੇ ਲੋਕ ,ਔਰਤਾਂ ਤੇ ਬੱਚੇ ਆਦਿ ਸਨ ਜਿਹੜੇ ਬੇਘਰ ਤੇ ਉੱਜੜ ਚੁੱਕੇ ਸਨ, ਦੇਸ਼ ਦੀ ਵੰਡ ਸਮੇਂ ਇਨੀ ਮਨੁੱਖਤਾ ਦਾ ਲਹੂ ਲੁਹਾਣ ਅਤੇ ਘਾਣ ਹੁੰਦਾ ਦੇਖ ਕੇ ਭਗਤ ਜੀ ਦਾ ਦਿਲ ਕੁਰਲਾ ਉਠਿਆ| ਮਾਨਵਤਾ ਦੀ ਭਲਾਈ ਲਈ ਪਰਉਪਕਾਰੀ ਭਾਵਨਾ ਨਾਲ ਲਾਚਾਰ ਅਤੇ ਲਾਵਿਾਰਸ ਰੋਗੀਆਂ ਦੀ ਦੇਖਭਾਲ ਸਾਂਭ ਸੰਭਾਲ ਤੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ |ਭਗਤ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਅਗਵਾਈ ਲੈ ਕੇ ਬੇਸਹਾਰਾ ਲਾਵਿਾਰਸ, ਲੂਲੇ ਲੰਗੜੇ, ਗੂੰਗੇ ਬੈਰੇ, ਅਪੰਗ ਵਿਅਕਤੀਆਂ ਦੀ ਸੇਵਾ ਪਰਮਾਤਮਾ ਦਾ ਰੂਪ ਮੰਨ ਕੇ ਤਨੋ ਮਨੋ ਦਿਨ ਰਾਤ ਅਟੁੱਟ ਸੇਵਾ ਕੀਤੀ |1958 ਈਸਵੀ ਵਿੱਚ ਭਗਤ ਪੂਰਨ ਸਿੰਘ ਨੇ ਅੰਮ੍ਰਿਤਸਰ ਵਿਖੇ ਪਿੰਗਲਵਾੜਾ ਨਾਂ ਦੀ ਸੰਸਥਾ ਦੀ ਨੀਹ ਪੱਥਰ ਰੱਖਿਆ|

ਭਗਤ ਜੀ ਦਾ ਹਿਰਦਾ ਕੋਮਲ, ਹਮਦਰਦੀ ਬਹੁ- ਦਿਸ਼ਾਵੀ ਤੇ ਬਿਰਤੀ ਨੇ ਗਿਆਨ ਨੂੰ ਪ੍ਰਦਾਨ ਕਰਨ ਵਾਲੀ ਸੀ |ਮਨੁੱਖ ਦਾ ਤਾਂ ਕੀ ਕਿਸੇ ਜਾਨਵਰ ਦਾ ਦੁੱਖ ਵੀ ਉਹਨਾਂ ਤੋਂ ਸਹਾਰਿਆ ਨਹੀਂ ਸੀ ਜਾਂਦਾ |ਅਸਾਧ ਰੋਗੀ ,ਕੈਂਸਰ ,ਝੱਲੇ ,ਅਧਰੰਗ ,ਕੋਹੜ ਤੇ ਪਾਗਲਪਨ ਵਰਗੀਆਂ ਨਾ ਮੁਰਾਦ ਬਿਮਾਰੀਆਂ ਨਾਲ ਗ੍ਰੱਸੇ ਹੋਏ ਲੋਕਾਂ ਲਈ ਰੋਟੀ ਪਾਣੀ ,ਦਵਾਈਆਂ ਦਾ ਬੰਦੋਬਸਤ ,ਨਵਾਉਣ ਧੋਣ ,ਮੱਲਮ ਪੱਟੀ ਤੇ ਮੰਜੇ ਬਿਸਤਰੇ ਦਾ ਪ੍ਰਬੰਧ ਕਰਨਾ ਉਹ ਆਪਣੀ ਨਿਸ਼ਕਾਮ ਸੇਵਾ ਸਮਝਦੇ ਸਨ |

ਭਗਤ ਜੀ ਕੇਵਲ ਸਮਾਜ ਸੇਵੀ ਹੀ ਨਹੀਂ ਸਨ ਬਲਕਿ ਵਾਤਾਵਰਣ ਪ੍ਰੇਮੀ ਅਤੇ ਸਾਹਿਤ ਰਸੀਏ ਵੀ ਸਨ |ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਫਲਸਫੇ "ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ "ਦੀ ਮਹੱਤਤਾ ਬਾਰੇ ਸਮੁੱਚੀ ਲੋਕਾਈ ਨੂੰ ਜਾਣੂ ਕਰਵਾਇਆ |ਵਾਤਾਵਰਨ ਦੀ ਸ਼ੁੱਧਤਾ ਲਈ ਵਧੇਰੇ ਰੁੱਖ ਲਗਾਉਣ ਦੀ, ਪਾਣੀ ਦੀ ਵਰਤੋਂ ਸੰਜਮਤਾਂ ਨਾਲ ਧਰਤੀ ਨੂੰ ਦੂਸਿਤ ਤੋਂ ਹੋਣ ਤੋਂ ਬਚਾਉਣ ਲਈ ਵੀ ਬੀੜਾ ਚੁੱਕਿਆ| ਭਗਤ ਪੂਰਨ ਸਿੰਘ ਪ੍ਰਦੂਸ਼ਣ, ਜਲ ਸਾਧਨਾ, ਜੰਗਲਾਂ ਦੀ ਕਟਾਈ ਤੋਂ ਪੈਦਾ ਹੋਣ ਵਾਲੇ ਖਤਰੇ ਤੋਂ ਸੁਚੇਤ ਸਨ ਜਿਸ ਕਾਰਨ ਉਹਨਾਂ ਨੇ ਅਨੇਕਾਂ ਕਿਤਾਬਾਂ, ਟਰੈਕਟ ,ਪਰਚੇ ਛਪਵਾ ਕੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕੀਤਾ| ਵਾਤਾਵਰਨ ਦੀ ਸ਼ੁੱਧੀ ਲਈ ਪਿੱਪਲ ,ਬੋਹੜ ,ਨਿੰਮ ਤਿਰਵੈਣੀਆਂ ਲਗਾ ਕੇ ਰੁੱਖਾਂ ਦੀ ਸੰਭਾਲ ਕਰਨ ਦੇ ਯਤਨ ਆਰੰਭ ਕੀਤੇ| ਕਲਮ ਤੇ ਬਾਟੇ ਦੇ ਸੰਕਲਪ ਨਾਲ ਸਮੁੱਚੀ ਮਾਨਵਤਾ ਨੂੰ ਸੇਵਾ ਭਾਵਨਾ ਦਾ ਸੰਦੇਸ਼ ਪਹੁੰਚਾਇਆ ਆਪ ਜੀ ਨੂੰ ਅਨੇਕਾਂ ਭਾਸ਼ਾਵਾਂ ਦਾ ਗਿਆਤਾ ਵੀ ਸਨ|

ਜਿੱਥੇ ਭਗਤ ਜੀ ਉੱਘੇ ਸਮਾਜ ਸੇਵੀ, ਵਾਤਾਵਰਣ ਪ੍ਰੇਮੀ ਤੇ ਸਾਹਿਤ ਰਸੀਏ ਸਨ |ਉਥੇ ਉਹ ਸਰਵ ਭਾਰਤੀ ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਦੇ ਮੋਢੀ ਵਜੋਂ ਵੀ ਜਾਣੇ ਗਏ ਸਨ| ਨੇਕੀ ਦੀ ਰਾਹ ਤੇ ਚਲਦੇ ਹੋਏ ਉਹਨਾਂ ਨੇ ਸਮੁੱਚੀ ਮਨੁੱਖਤਾ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜਾਉਂਦੇ ਹੋਏ ਸਮਾਜਿਕ ਭਲਾਈ ਦੇ ਕੰਮ ਕੀਤੇ| ਉਹਨਾਂ ਦਾ ਪੂਰੀ ਮਨੁੱਖਤਾ ਨੂੰ ਇਹ ਸੰਦੇਸ਼ ਸੀ ਕਿ ਮਨੁੱਖ ਨੂੰ ਸਾਦਾ ਜੀਵਨ ਬਤੀਤ ਕਰਦੇ ਹੋਏ ਮਨੁੱਖਤਾ ਦਾ ਭਲਾ ਸੋਚਣਾ ਚਾਹੀਦਾ ਹੈ ਤੇ ਆਉਣ ਵਾਲੀਆ ਪੀੜੀਆਂ ਲਈ ਚੰਗੇ ਤੇ ਨੇਕ ਕੰਮ ਕਰਨੇ ਚਾਹੀਦੇ ਹਨ|

ਭਗਤ ਜੀ ਦੀ ਇਸ ਪੁਰਉਪਕਾਰੀ ਸੇਵਾ ਭਾਵਨਾ ਸਦਕਾ ਭਾਰਤ ਸਰਕਾਰ ਨੇ 1979 ਵਿੱਚ 'ਪਦਮ ਸ੍ਰੀ 'ਐਵਾਰਡ ਨਾਲ ਸਨਮਾਨਿਤ ਕੀਤਾ ਪਰ 1984 ਵਿੱਚ ਹਰਿਮੰਦਰ ਸਾਹਿਬ ਦੀ ਦੁਖਦਾਇਕ ਘਟਨਾ ਸਮੇਂ ਸਾਕਾ ਨੀਲਾ ਤਾਰਾ ਵਜੋਂ ਰੋਜ਼ ਪ੍ਰਗਟ ਕਰਕੇ ਵਾਪਸ ਕਰ ਦਿੱਤਾ |1990 ਵਿੱਚ ਭਗਤ ਜੀ ਨੂੰ ਹਾਰਮਨੀ ਅੈਵਾਰਡ ਨਾਲ ਨਿਵਾਜਿਆ ਗਿਆ 1992 ਵਿੱਚ ਰੋਗਮਨ ਤੇ ਭਾਈ ਘਨਈਆ ਅੈਵਾਰਡ ਨਾਲ ਸਨਮਾਨਿਤ ਕੀਤਾ ਗਿਆ ਇੰਨੀ ਨਿਸ਼ਕਾਮ ਸੇਵਾ ਭਾਵਨਾ ਦਾ ਬੀੜਾ ਉਠਾਉਣ ਨਾਲ ਭਗਤ ਪੂਰਨ ਸਿੰਘ ਦਾ ਜੀਵਨ ਸਮੁੱਚੀ ਕੌਮ ਲਈ ਯਾਦਗਰੀ ਹੋ ਨਿਬੜਦਾ ਹੈ| ਉਹ ਸਾਰੀ ਉਮਰ ਅਵਿਵਹਾਤ ਰਹੇ ਸਾਰੀ ਜਿੰਦਗੀ ਸਮੁੱਚੀ ਮਨੁੱਖਤਾ ਦੇ ਲੇਖੇ ਲਗਾ ਕੇ ਨਿਰ ਸੁਆਰਥ ਤੇ ਪਰਉਪਕਾਰ ਦੀ ਭਾਵਨਾ ਨਾਲ ਪੰਜਾਬ ਦੇ ਇਤਿਹਾਸ ਵਿੱਚ ਸੁਨਹਿਰੀ ਪੰਨਿਆਂ ਤੇ ਆਪਣਾ ਨਾਮ ਅੰਕਿਤ ਕਰਵਾ ਗਏ |ਅੰਤਿਮ ਸਮੇਂ ਭਗਤ ਪੂਰਨ ਸਿੰਘ ਜਿਉਂਦੇ ਸਮੇਂ ਪਿੰਗਲਵਾੜੇ ਦੀ ਸੰਸਥਾ ਦਾ ਉੱਤਰਾਧਿਕਾਰੀ ਡਾਕਟਰ ਇੰਦਰਜੀਤ ਕੌਰ ਨੂੰ ਸੌਂਪ ਗਏ| ਭਗਤ ਪੂਰਨ ਸਿੰਘ ਦੁਆਰਾ ਬੀਜੇ ਹੋਏ ਬੋਰਡ ਦੀ ਛਾਂ ਇੰਨੀ ਸੰਘਣੀ ਹੋ ਗਈ ਕਿ ਡਾਕਟਰ ਇੰਦਰਜੀਤ ਕੌਰ ਤੇ ਸਮੁੱਚੀ ਪਿੰਗਲਵਾੜਾ ਟਰੱਸਟ ਦਾ ਵਿਲੱਖਣ ਯੋਗਦਾਨ ਹੋਣ ਨਾਲ ਬੇਸਹਾਰਿਆਂ ਅਤੇ ਅਪੰਗ ਵਿਅਕਤੀ ਉਹਨਾਂ ਦੇ ਰਿਣੀ ਹਨ| "ਘੱਲੇ ਆਵਹਿ ਨਾਨਕਾ ਸਦੇ ਉਠੀ ਜਾਹਿ "ਅਨੁਸਾਰ ਭਗਤ ਪੂਰਨ ਸਿੰਘ ਜੀ ਪੰਜ ਅਗਸਤ 1992 ਨੂੰ ਇਸ ਦੁਨੀਆ ਤੋਂ ਅਲਵਿਦਾ ਹੋ ਗਏ |ਭਗਤ ਜੀ ਭਾਵੇਂ ਸਰੀਰਕ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ ਇਹ ਸਾਡੇ ਲਈ ਬਹੁਤ ਵੱਡਾ ਘਾਟਾ ਹੈ ਪਰ ਆਪਣੇ ਪਿੱਛੇ ਪਿੰਗਲਵਾੜੇ ਦੇ ਰੂਪ ਵਿੱਚ ਆਪਣੀ ਸਦੀਵੀ ਯਾਦ ਤੇ ਅਮਿਟ ਛਾਪ ਛੱਡ ਕੇ ਗਏ| ਜਿਸ ਕਾਰਨ ਭਗਤ ਪੂਰਨ ਸਿੰਘ ਦੇ ਸੁਪਨੇ ਨੇ ਉਹਨਾਂ ਨੂੰ ਪੂਰਨ ਤੌਰ ਤੇ ਅਮਰ ਕਰ ਦਿੱਤਾ|

ਸਮੁੱਚੀ ਮਨੁੱਖਤਾ ਦੇ ਮਸੀਹੇ ਬਣ ਕੇ ਪਰਮਾਤਮਾ ਵੱਲੋਂ ਭੇਜਿਆ ਇਹ ਵਾਰਸ ਪੰਜਾਬ ਵਿੱਚ ਬੜੇ ਸਤਿਕਾਰ ਨਾਲ ਜਾਣਿਆ ਜਾਂਦਾ ਰਿਹਾ ਹੈ ਅਤੇ ਜਾਣਿਆ ਜਾਂਦਾ ਰਹੇਗਾ| ਅੱਜ ਦੁਨੀਆ ਦੀ ਮਹਾਨ ਸ਼ਖਸ਼ੀਅਤ ਰੱਬੀ ਤੇ ਦਰਵੇਸ਼ੀ ਰੂਹ ਭਗਤ ਪੂਰਨ ਸਿੰਘ ਦੇ ਜਨਮ ਦਿਹਾੜੇ ਮੌਕੇ ਉਹਨਾਂ ਦੀ ਮਨੁੱਖੀ ਸੇਵਾ ਭਾਵਨਾ ਅਤੇ ਨੇਕ ਸੋਚ ਨੂੰ ਸਲਾਮ ਕਰਦੇ ਹੋਏ ਆਓ ਆਪਾਂ ਵੀ ਪ੍ਰਣ ਕਰੀਏ ਕਿ ਮਨੁੱਖਤਾ ਦੀ ਸੇਵਾ ਭਾਵਨਾ ਲਈ ਧਨ ਦੌਲਤ ਦੀ ਅਮੀਰੀ ਹੋਣ ਦੀ ਬਜਾਏ ਇੱਕ ਅਜਿਹੀ ਦਿਲੀ ਭਾਵਨਾ ਪੈਦਾ ਕਰੀਏ ਜਿਹੜੀ ਬੇਸਹਾਰਿਆਂ ਦਾ ਦੁੱਖ ਮਹਿਸੂਸ ਕਰ ਸਕੇ ਅਤੇ ਨਿਸ਼ਕਾਮ ਹੋ ਕੇ ਦੀਨ ਦੁਖੀਆਂ ਦੀ ਸੇਵਾ ਕਰ ਸਕੇ|

## ਗੁਰੂ ਦਾ ਪੂਰਨ ਸਿੰਘ



ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਗੁਰੂ ਨਾਨਕ ਦੀ ਬਾਣੀ ਜਿਸ ਦੇ ਸਾਹੀਂ ਤੁਰਦੀ।
ਗੁਰੂ ਅੰਗਦ ਦੀ ਸੇਵਾ-ਸ਼ਕਤੀ।
ਭਰ ਭਰ ਗਾਗਰ, ਕਈ ਕਈ ਸਾਗਰ।
ਦੀਨ ਦੁਖੀ ਦੀ ਪਿਆਸ ਬੁਝਾਈ।
ਅਮਰਦਾਸ ਗੁਰ ਕੋਲੋਂ ਉਸਨੇ ਲੰਗਰ ਲੈ ਕੇ,
ਰਾਮ ਦਾਸ ਦੀ ਧਰਤੀ ਤੇ ਸੇਵਾ ਵਰਤਾਈ।

ਅਰਜੁਨ ਗੁਰ ਤੋਂ ਸਿਦਕ ਸਬਰੀ।
'ਤੇਰਾ ਭਾਣਾ ਮੀਠਾ ਲਾਗੇ'।
ਚਰਨਾਮ੍ਰਿਤ ਵਿਚ ਭਗਤੀ ਲੈ ਕੇ,
ਅੰਮ੍ਰਿਤਸਰ ਵਿਚ ਡੇਰਾ ਲਾਇਆ।
ਦਸ ਗੁਰੂਆਂ ਦੀ ਬਖਸ਼ਿਸ਼ ਸਦਕਾ,
ਰਾਜੇਵਾਲ ਦਾ ਅਨਘੜ੍ਹ ਮੁੰਡਾ,
ਗੁਰੂ ਦਾ ਪੂਰਨ ਸਿੰਘ ਅਖਵਾਇਆ।

ਰੱਬ ਸੱਚੇ ਦੇ ਹੱਥੋਂ ਰਹੇ ਜੋ 'ਅੱਧ ਅਧੂਰੇ'।
ਉਨ੍ਹਾਂ ਦੀ ਸੇਵਾ ਵਿਚ ਆਪਣਾ ਜਨਮ ਲਗਾਇਆ।
ਤੇ ਇਕ ਐਸਾ ਦੀਪ ਜਗਾਇਆ।
ਜਿਸ ਨੇ ਨ੍ਹੇਰੀ ਰਾਤੇ ਸਾਡਾ ਰਾਹ ਰੁਸ਼ਨਾਇਆ।

ਪਿੰਗਲਵਾੜਾ ਸੇਵਾ ਅਤੇ ਸੰਭਾਲ ਦੇ ਕਾਰਨ,
ਅੱਜ ਬਣਿਆ ਇਕ ਐਸਾ ਘਰ ਹੈ।
ਜਿਵੇਂ ਪਵਿੱਤਰ ਰੱਬ ਦਾ ਦਰ ਹੈ।
ਲੂਲ੍ਹੇ ਲੰਗੜੇ, ਪਿੰਗਲੇ ਤੇ ਮੰਦ ਬੁੱਧੀ ਵਾਲੇ।
ਪੂਰਨ ਸਿੰਘ ਨੇ ਆਪ ਸੰਭਾਲੇ।
ਇਕੋ ਜਨਮ 'ਚ ਬਣਿਆ ਉਹ ਪਰਚੰਡ ਜਵਾਲਾ।
ਨਾ ਧਿਰਿਆਂ ਨੂੰ ਨਿੱਘ ਵੰਡਦਾ ਜਦ ਲੱਗਦਾ ਪਾਲਾ।

ਤੁਰਦਾ ਫਿਰਦਾ ਜਾਪੇ ਗਾਉਂਦਾ ਗੀਤ ਇਲਾਹੀ।
ਇਕੋ ਧੁਨ ਵਿਚ ਮਸਤ ਦੁਨੀ ਤੋਂ ਬੇਪ੍ਰਵਾਹੀ।

ਚੌਵੀ ਘੰਟੇ ਹੱਥ ਵਿਚ ਰੱਖਦਾ ਬਾਟਾ ਫੜਕੇ।
ਵੰਡਦਾ ਅੱਗੋਂ ਅੱਗੇ ਕਿਣਕਾ ਕਿਣਕਾ ਕਰਕੇ।

ਉਹ ਜਿੱਥੇ ਵੀ ਜਾਂਦਾ ਮੰਗਦਾ ਇੱਕੋ ਉੱਤਰ।
ਧਰਤੀ ਬਾਂਝ ਬਣਾ ਕੇ ਕਿਉਂ ਅਖਵਾਉਂਦੇ ਪੁੱਤਰ?
ਆਖੇ ਧਰਤੀ ਅੰਦਰ ਨਾ ਹੁਣ ਜ਼ਹਿਰ ਮਿਲਾਓ।
ਵਿਗਿਆਨਾਂ ਦੇ ਅੱਥਰੇ ਘੋੜੇ ਨੂੰ ਨੱਥ ਪਾਉ।
ਹੋ ਜਾਊ ਜ਼ਹਿਰੀਲਾ ਲੋਕੋ ਅੰਨ ਤੇ ਪਾਣੀ।
ਕਿਸੇ ਤੁਹਾਡੇ ਚੌਂਕੇ ਫਿਰ ਨਾ ਰੋਟੀ ਖਾਣੀ।

ਤੁਰਿਆ ਤੁਰਿਆ ਜਾਂਦਾ ਹੂੰਝੇ ਰਾਹ 'ਚੋਂ ਰੋੜੇ।
ਕੱਲ ਮੁ ਕੱਲਾ ਵਾਗ ਸਮੇਂ ਦੀ ਏਦਾਂ ਮੋੜੇ।
ਸਾਰੇ ਹਾੜ ਸਿਆਲ ਬਸੰਤਾਂ ਪੱਤਝੜ ਰੁੱਤੇ।
ਛਪੇ ਹੋਏ ਅਖ਼ਬਾਰ ਦੇ ਫਿੱਕੇ ਪੰਨਿਆਂ ਉੱਤੇ।
ਗਿਆਨ ਅਤੇ ਵਿਗਿਆਨ ਦੇ ਕਿਣਕੇ ਫਿਰ ਛਪਵਾਉਂਦਾ।
ਮੱਥੇ ਦੀ ਮਮਟੀ ਤੇ ਜਗਦੇ ਦੀਵੇ ਧਰਦਾ, ਨੇਰ੍ਹ ਮਿਟਾਉਂਦਾ।

ਚੌਂਕ ਚੁਰਸਤੇ ਪਿੰਡੀਂ ਸ਼ਹਿਰੀਂ ਹੋਕਾ ਲਾਵੇ।
ਇਸ ਧਰਤੀ ਦਾ ਪੁੱਤਰ ਅਸਲੀ ਗੱਲ ਸਮਝਾਵੇ।
ਅੰਨ੍ਹੇ ਹੋ ਕੇ ਵਰਤੀ ਜਾਓ,
ਮੂਰਖ਼ ਲੋਕੋ ਜਿੱਸਰਾਂ ਪਾਣੀ।
ਉਹ ਦਿਨ ਵੀ ਹੁਣ ਦੂਰ ਨਹੀਂ ਹੈ
ਜਦ ਇਹ ਪੂੰਜੀ ਹੈ ਮੁੱਕ ਜਾਣੀ।

ਉਸ ਦੇ ਫ਼ਿਕਰ ਨਹੀਂ ਸਨ ਚਾਰ ਦੀਵਾਰੀ ਵਾਲੇ।
ਸਰੋਕਾਰ ਸਨ ਸੁੱਚੇ, ਪਰਉਪਕਾਰੀ ਵਾਲੇ।

ਉਸ ਨੇ ਇਹ ਵਿਸ਼ਵਾਸ ਗੁਰਾਂ ਤੋਂ ਆਪ ਲਿਆ ਸੀ।
ਦਰਦ ਕਿਸੇ ਦੇ ਬਾਪੂ ਦੀ ਜਾਗੀਰ ਨਹੀਂ ਹੈ।
ਸੇਵਾ ਖ਼ਾਤਰ ਕੋਈ ਵੀ ਕਦਮ ਅਖ਼ੀਰ ਨਹੀਂ ਹੈ।
ਉਸ ਨੂੰ ਸੀ ਵਿਸ਼ਵਾਸ ਕਿ ਜਿਸ ਦੇ ਹੱਥ ਵਿਚ ਬਾਟਾ।
ਉਸ ਨੂੰ ਜ਼ਿੰਦਗੀ ਦੇ ਵਿਚ ਪੈਂਦਾ ਕਦੇ ਨਾ ਘਾਟਾ।

ਹਰਿਮੰਦਰ ਦੇ ਬੂਹੇ ਬਹਿੰਦਾ ਆਪ ਨਿਰੰਤਰ।
ਪਰ ਸੋਚਾਂ ਨੂੰ ਰੱਖਿਆ ਉਸਨੇ ਸਦਾ ਸੁਤੰਤਰ।
ਸਰਬ ਧਰਮ ਵਿਸ਼ਵਾਸੀ ਉਹਦੇ ਸਾਥੀ ਹੋਏ।
ਪਰ ਉਸ ਵਰਗਾ ਕਿਹੜਾ ਹੋਏ?

ਚਾਰ ਚੁਫੇਰਿਉਂ ਲੱਭਦਾ ਰਹਿੰਦਾ ਪੈਦਲ ਤੁਰਦਾ,
ਦੀਨ ਦੁਖੀ ਨੂੰ ਆਪਣੀ ਬੁੱਕਲ ਦੇ ਵਿਚ ਲੈਂਦਾ।
ਤੇ ਇਹ ਕਹਿੰਦਾ।
ਗੁਰ ਦਾ ਸਿੱਖ ਜੇ ਕਰੇ ਵਿਤਕਰਾ ਸਿੱਖ ਨਹੀਂ ਰਹਿੰਦਾ।
ਸ਼ਬਦ ਚੇਤਨਾ, ਵਿਦਿਆ ਦਾ ਵੀ ਜਾਪ ਜਪਾਉਂਦਾ।
ਚਾਨਣ ਦਾ ਦਰਿਆ, ਨੇਰ੍ਹੇ ਦੀ ਅਲਖ਼ ਮੁਕਾਉਂਦਾ।

ਹੁਕਮ ਹਕੂਮਤ ਦੋਹਾਂ ਤੋਂ ਹੀ ਵੱਖਰਾ ਰਹਿੰਦਾ।
ਜਬਰ ਜ਼ੁਲਮ ਨੂੰ ਤੱਕ ਕੇ ਉਹ ਮੂੰਹ ਆਈ ਕਹਿੰਦਾ।
ਕੁਰਸੀ ਦੀ ਉਹ ਧੌਂਸ ਕਦੇ ਇਕ ਪਲ ਨਾ ਸਹਿੰਦਾ।
ਖੱਦਰਧਾਰੀ, ਰੇਸ਼ਮ ਦਿਲ ਮਨ ਤੋਂ ਨਹੀਂ ਲਹਿੰਦਾ।

ਇੱਕੋ ਨਾਅਰਾ ਲਾਉਂਦਾ, ਸੁਣਿਓ ਭੈਣ-ਭਰਾਉ।
ਮੈਂ ਜਿਸ ਮਾਰਗ ਤੁਰਿਆਂ ਮੇਰੇ ਮਗਰੇ ਆਉ।
ਮੇਰਾ ਮੁਰਸ਼ਦ ਨਾਨਕ ਉਸ ਦਾ ਵੰਸ਼ ਵਧਾਉ।
ਨੇਕੀ ਦੇ ਹਰ ਚੌਂਕ ਚੁਰਸਤੇ ਬਿਰਖ਼ ਲਗਾਉ।

ਸੇਵਾ ਸਿਮਰਨ ਸ਼ਕਤੀ ਦੇ ਸੰਗ ਰਿਸ਼ਤਾ ਜੋੜੋ।
ਕਾਮ ਕਰੋਧੀਓ, ਮੋਹ ਦੇ ਬੰਧਨ ਲਾਲਚ ਤੋੜੋ।
ਲੋਭੀ ਮਨ ਨੂੰ ਵਰਜੋ ਸਿੱਧੇ ਰਾਹ ਤੇ ਮੋੜੋ।
ਜੋ ਗੁਰ ਦੱਸਿਆ ਭਲਾ ਸਰਬ ਦਾ ਹਰ ਪਲ ਲੋੜੋ।

## ਚੋਣ ਨਤੀਜਿਆਂ ਰਾਹੀਂ ਪੰਜਾਬੀਆਂ ਦਾ ਸੁਨੇਹਾ...




ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ

2024 ਦੇ ਅੱਜ ਦੇ ਚੋਣ ਨਤੀਜਿਆਂ ਨੇ ਇਹ ਸਾਬਤ ਕਰ ਦਿੱਤਾ ਹੈ। ਕਿ ਪੰਜਾਬ ਦੇ ਲੋਕੀਂ ਚੰਗੇ ਲੀਡਰਾਂ ਨੂੰ ਅੱਗੇ ਲਿਆਉਣਾ ਚਾਹੁੰਦੇ ਹਾਂ। ਇਹ ਉਸ ਜਿੱਤੇ ਹੋਏ ਵਿਅਕਤੀ 'ਤੇ ਨਿਰਭਰ ਕਰਦਾ ਹੈ ਕਿ ਉਸਨੇ ਅੱਗੇ ਵੀ ਲੋਕਾਂ ਦਾ ਸਾਥ ਲੈ ਕੇ ਰਹਿਨੁਮਾਈ ਕਰਨੀ ਹੈ ਜਾਂ ਨਹੀਂ। ਇਥੋਂ ਤੱਕ ਕਿ ਨਵਿਆਂ ਨੂੰ ਵੀ ਲੋਕਾਂ ਨੇ ਜਿਤਾਇਆ ਹੈ ਅਤੇ ਇਹ ਸਬੂਤ ਦਿੱਤਾ ਹੈ ਅਸੀਂ ਮੌਕਾ ਸਾਰਿਆਂ ਨੂੰ ਦਿੰਦੇ ਹਾਂ। ਹੋਰ ਜਿਸ ਵੀ ਪਾਰਟੀ ਦੇ ਚੰਗੇ ਲੀਡਰ ਹਨ ਉਹਨਾਂ ਨੂੰ ਸਮੇਂ-ਸਮੇਂ 'ਤੇ ਮੌਕਾ ਮਿਲਦਾ ਰਹਿੰਦਾ ਹੈ। ਅੱਜ ਦੇ ਲੋਕ ਸਮਝਦੇ ਹਨ ਅਤੇ ਉਹ ਦਲ ਬਦਲੂਆਂ ਨੂੰ ਵੀ ਅੱਗੇ ਨਹੀਂ ਲਿਆਉਣਾ ਚਾਹੁੰਦੇ। ਇਹ ਗੱਲ ਸਾਫ਼ ਤੌਰ 'ਤੇ ਜ਼ਾਹਿਰ ਹੈ ਕਿ ਜੋ ਇੱਕ ਦਾ ਨਹੀਂ ਬਣ ਸਕਿਆ ਉਹ ਕਿਸੇ ਦਾ ਨਹੀਂ ਬਣ ਸਕੇਗਾ।

ਇਹਨਾਂ ਨਤੀਜਿਆਂ ਤੋਂ ਚੁਣੇ ਹੋਏ ਲੀਡਰਾਂ ਨੂੰ ਇਹੀ ਸੇਧ ਲੈਣੀ ਚਾਹੀਦੀ ਹੈ ਕਿ ਜੇਕਰ ਉਹਨਾਂ ਨੂੰ ਮੌਕਾ ਮਿਲਿਆ ਹੈ ਤਾਂ ਆਮ ਜਨਤਾ ਲਈ ਕੁਝ ਨਾ ਕੁਝ ਵੱਖਰਾ ਕਰਕੇ ਜ਼ਰੂਰ ਜਾਓ।

ਸਰਬਜੀਤ ਸਿੰਘ ਖਾਲਸਾ ਅਤੇ ਅੰਮ੍ਰਿਤ ਪਾਲ ਸਿੰਘ ਦੋਨਾਂ ਦੀ ਜਿੱਤ ਇਹ ਦੱਸਦੀ ਹੈ ਕਿ ਪੰਜਾਬ ਕਿਸਾਨੀ ਦੇ ਵਿਰੋਧੀਆਂ ਦੇ ਹੱਕ ਵਿੱਚ ਉਹਨਾਂ ਦੇ ਨਾਲ਼ ਕਦੇ ਵੀ ਨਹੀਂ ਖੜੇਗਾ। ਪੰਜਾਬ ਕਿਸਾਨੀ ਪ੍ਰਧਾਨ ਸੂਬਾ ਹੈ ਅਤੇ ਇਥੋਂ ਦੇ ਲੋਕ ਹਮੇਸ਼ਾ ਕਿਸਾਨੀ ਹਿੱਤ ਵਿੱਚ ਖੜ੍ਹੇ ਰਹੇ ਹਨ ਅਤੇ ਅਗਾਂਹ ਤੋਂ ਵੀ ਖੜ੍ਹੇ ਰਹਿਣਗੇ। ਬੰਦੀ ਸਿੰਘਾਂ ਦੀ ਰਿਹਾਈ, ਨਿਹੱਕਾ ਉੱਤੇ ਤਸੀਹੇ, ਹੱਕ-ਸੱਚ ਦੀ ਗੱਲ ਕਰਨੀ, ਇਹਨਾਂ ਸਾਰੀਆਂ ਗੱਲਾਂ ਨੂੰ ਜੇ ਕੋਈ ਆਮ ਇਨਸਾਨ ਬੋਲ ਕੇ ਨਹੀਂ ਕਰਦਾ ਤਾਂ ਇਨਾ ਵੋਟਾਂ ਵਿੱਚ ਉਸ ਦਾ ਜਵਾਬ ਸਾਫ਼-ਸਾਫ਼ ਦਿਖ ਰਿਹਾ ਹੈ ।

ਇਸ ਕਰਕੇ ਜਿੰਨੇ ਵੀ ਲੀਡਰ ਇਸ ਵਾਰ ਜਿੱਤੇ ਹਨ ਕਿਰਪਾ ਕਰਕੇ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਗੱਲਾਂ ਦਾ ਖ਼ਿਆਲ ਰੱਖਣ ਕਿ ਬੇਦੋਸ਼ਿਆਂ ਨੂੰ ਸਜ਼ਾਵਾਂ ਅਤੇ ਹੱਕ-ਸੱਚ ਦੀ ਗੱਲ ਨੂੰ ਪਹਿਲ ਦੇ ਆਧਾਰ 'ਤੇ ਕਰਨ.. ਨਹੀਂ ਤਾਂ ਇਹ ਲੋਕ ਤੁਹਾਡਾ ਪਾਸਾ ਪਲਟਣ ਵਿੱਚ ਦੇਰ ਨਹੀਂ ਲਾਉਂਦੇ। ਜੇਕਰ ਹੱਥ ਵਿੱਚ ਸੱਤਾ ਆਈ ਹੈ ਤਾਂ ਉਸ ਦੀ ਸਹੀ ਵਰਤੋਂ ਕਰਨ ਵਿੱਚ ਹੀ ਭਲਾਈ ਹੈ। ਧਰਮ ਅਤੇ ਲਾਲਚ ਦੇ ਆਧਾਰ 'ਤੇ ਰਾਜਨੀਤੀ ਬੰਦ ਹੋਣੀ ਚਾਹੀਦੀ ਹੈ।

ਭਰਿਸ਼ਟਾਚਾਰ, ਅਤਿਅਚਾਰ ਅਤੇ ਗੁੰਡਾ ਰਾਜ ਤੋਂ ਉੱਪਰ ਉੱਠ ਕੇ ਦੇਸ਼ ਹਿੱਤ ਲਈ ਸੋਚਣ ਵਾਲੇ ਲੋਕ ਹੀ ਆਮ ਜਨਤਾ ਦੇ ਦਿਲਾਂ ਵਿੱਚ ਘਰ ਕਰ ਸਕਦੇ ਹਨ। ਲੋਕਾਂ ਦੀਆਂ ਨਿੱਜੀ ਲੋੜਾਂ ਰੋਟੀ, ਕੱਪੜਾ, ਮਕਾਨ, ਦਵਾਈ, ਪੜ੍ਹਾਈ ਇਹਨਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਨਸ਼ੇ 'ਤੇ ਨੱਥ ਪਾਉਣੀ ਚਾਹੀਦੀ ਹੈ। ਵਾਧੂ ਬੋਲਣ ਵਾਲਿਆਂ ਨੂੰ ਵੀ ਲੋਕਾਂ ਨੇ ਖੂੰਜੇ ਲਾ ਦਿੱਤਾ ਹੈ। ਆਮ ਲੋਕਾਂ ਦੀਆਂ ਭਾਵਨਾਵਾਂ ਨਾਲ਼ ਖੇਡਣ ਦੀ ਥਾਂ 'ਤੇ ਸਹੀ ਤਰੀਕੇ ਨਾਲ਼ ਦੇਸ਼ ਹਿੱਤ ਵਿੱਚ ਕੰਮ ਕਰਨ ਵਾਲਿਆਂ ਨੂੰ ਹੀ ਜਨਤਾ ਅੱਗੇ ਲਿਆਉਂਦੀ ਹੈ ਅਤੇ ਅੱਗੇ ਲਿਆਉਂਦੀ ਰਹੇਗੀ। ਅੱਜ ਦਾ ਵੋਟਰ ਸਮਝਦਾਰ ਹੈ ਲਾਈ ਲੱਗ ਨਹੀਂ ਹੈ।

ਸੋ ਦੋਸਤੋ..! ਤੁਸੀਂ ਤਾਂ ਆਪਣਾ ਕੰਮ ਕਰ ਦਿੱਤਾ। ਹੁਣ ਇਹ ਆਉਂਦੇ ਪੰਜ ਸਾਲ ਤੱਕ ਕਿਸ ਤਰੀਕੇ ਦੇ ਨਾਲ਼ ਕੰਮ ਕਰਦੇ ਹਨ.. ਇਸ ਦਾ ਸਬੂਤ ਇਹਨਾਂ ਚੁਣੇ ਹੋਏ ਨੁਮਾਇੰਦਿਆਂ ਨੇ ਦੇਣਾ। ਲਾਲਚ ਤੋਂ ਉੱਪਰ ਉੱਠ ਕੇ ਆਮ ਜਨਤਾ ਦਾ ਸਾਥ ਦੇਣ ਵਿੱਚ ਇਹਨਾਂ ਸਭ ਦੀ ਭਲਾਈ ਹੈ ਨਹੀਂ ਤਾਂ ਜਦੋਂ ਵੀ ਜਨਤਾ ਨੂੰ ਮੌਕਾ ਮਿਲਦਾ ਹੈ ਉਹ ਆਪਣੀ ਤਾਕਤ ਨਾਲ਼ ਸਮੇਂ-ਸਮੇਂ ਜਵਾਬ ਜ਼ਰੂਰ ਦਿੰਦੀ ਹੈ ਅਤੇ ਅਗਾਂਹ ਵੀ ਦਿੰਦੀ ਰਹੇਗੀ। ਜਿੱਤਿਆਂ ਨੂੰ ਵਧਾਈਆਂ ਅਤੇ ਹਾਰੇ ਹੋਏ ਸਬਕ ਲੈਣ ਕਿ ਇਨਸਾਨੀਅਤ ਅਤੇ ਇਨਸਾਨ ਦੇ ਚੰਗੇ ਕਰਮਾਂ ਨੂੰ ਪਹਿਲ ਦੇਣ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਤੁਸੀਂ ਜਿੰਨੇ ਮਰਜ਼ੀ ਖੋਖਲੇ ਵਾਅਦੇ ਕਰ ਲਓ.. ਪਰ ਇੱਕ ਵਾਰ ਜਦੋਂ ਤੁਸੀਂ ਵਾਅਦੇ ਪੂਰੇ ਨਹੀਂ ਕਰਦੇ ਤਾਂ ਤੁਹਾਨੂੰ ਆਮ ਜਨਤਾ ਬੜੀ ਚੰਗੀ ਤਰ੍ਹਾਂ ਜਾਣਦੀ ਅਤੇ ਸਮਝਦੀ ਹੈ। ਤੁਹਾਡੇ ਨਾਲ਼ ਤੁਰਨ ਵਾਲਾ ਹਰ ਵਿਅਕਤੀ ਜ਼ਰੂਰੀ ਨਹੀਂ ਤੁਹਾਡਾ ਸਾਥ ਹੀ ਦੇਵੇਗਾ। ਤੁਹਾਡੇ ਨਾਲ਼ ਚੱਲਣਾ ਉਸ ਦੀ ਮਜਬੂਰੀ ਹੋ ਸਕਦੀ ਹੈ। ਪਰ ਤੁਹਾਡੀਆਂ ਚਾਲਾਂ ਨੂੰ ਆਮ ਇਨਸਾਨ ਸਮਝਦਾ ਹੈ। ਹੱਸਦੇ-ਵਸਦੇ ਰਹੋ ਪਿਆਰਿਓ..! ਨਵੀਂ ਦਿਸ਼ਾ.. ਨਵੀਂ ਆਸ ਦੇ ਨਾਲ਼.. ਆਓ ਦੇਖਦੇ ਹਾਂ ਆਉਣ ਵਾਲੇ ਪੰਜਾਂ ਸਾਲਾਂ ਵਿੱਚ....!!!

# ਨਵੀਂ ਸਵੇਰ



ਵਰਲਡ ਪੰਜਾਬੀ ਟਾਈਮਜ਼
ਕਰਮਜੀਤ ਕੌਰ ਮੁਕਤਸਰ

ਰੱਜੋ ਨੇ ਬੀ.ਐੱਡ. ਕਰਨ ਤੋਂ ਬਾਅਦ ਸ਼ਹਿਰ ਦੇ ਕਿਸੇ ਪ੍ਰਾਈਵੇਟ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਬੱਚਿਆਂ ਨੂੰ ਪੜ੍ਹਾਉਣਾ, ਕਿਸੇ ਮਜਬੂਰੀ ਵਸ ਨਹੀਂ ਸਗੋਂ ਉਸਦਾ ਸ਼ੋਕ ਸੀ। ਉਹ ਆਪਣੇ ਤੋਂ ਛੋਟੀਆਂ ਤਿੰਨ ਭੈਣਾਂ ਵਿਚੋਂ ਉਹ ਸਭ ਤੋਂ ਵੱਡੀ ਸੀ। ਉਹ ਇੱਕ ਚੰਗੇ ਸਰਦੇ ਘਰ ਦੀ ਧੀ ਸੀ। ਉਸਦੇ ਪਿਤਾ ਸ਼ਮਸ਼ੇਰ ਸਿੰਘ ਦਾ ਕਾਫ਼ੀ ਵੱਡਾ ਕਾਰੋਬਾਰ ਸੀ। ਚੰਗੀ ਜਮੀਨ-ਜਾਇਦਾਦ ਦਾ ਮਾਲਕ ਅਤੇ ਇਕ ਚੰਗਾ ਇਨਸਾਨ ਹੋਣ ਦੀ ਖਾਤਿਰ ਇਲਾਕੇ ਦੇ ਲੋਕ ਉਸਦਾ ਬਹੁਤ ਸਤਿਕਾਰ ਸਰਦੇ ਸਨ। ਸ਼ਮਸ਼ੇਰ ਸਿੰਘ ਆਪਣੀਆਂ ਧੀਆਂ ਨੂੰ ਰਾਜਕੁਮਾਰੀਆਂ ਵਾਂਗ ਰੱਖਦਾ ਅਤੇ ਸਮਝਦਾ ਸੀ।

ਇਕ ਦਿਨ ਸ਼ਮਸ਼ੇਰ ਸਿੰਘ ਨੇ ਆਪਣੀ ਪਤਨੀ ਅਤੇ ਬੇਟੀਆਂ ਨੂੰ ਆਪਣੇ ਕਮਰੇ ਵਿਚ ਬੁਲਾਇਆ। ਆਪਣੀਆਂ ਧੀਆਂ ਨੂੰ ਜਵਾਨ ਹੁੰਦੇ ਦੇਖ ਉਹ ਆਪਣੇ ਜਜ਼ਬਾਤ ਸਾਰਿਆਂ ਨਾਲ ਸਾਂਝੇ ਕਰਨਾ ਚਾਹੁੰਦਾ ਸੀ। ਰੱਜੋ ਦੀ ਮਾਂ ਅਤੇ ਉਸਦੀਆਂ ਭੈਣਾਂ ਆਪਣੇ ਪਿਤਾ ਦੇ ਕਮਰੇ ਵਿਚ ਉਹਨਾਂ ਦੇ ਕਹੇ ਅਨੁਸਾਰ ਜਾ ਕੇ ਬੈਠ ਜਾਂਦੀਆਂ ਹਨ। ਸ਼ਮਸ਼ੇਰ ਸਿੰਘ ਨੇ ਮੁਸਕਰਾਉਂਦੇ ਹੋਏ ਕਿਹਾ, "ਬਈ ਕਿਵੇਂ ਚਲ ਰਹੀ ਹੈ ਮੇਰੀ ਰਾਜਕੁਮਾਰੀਆਂ ਦੀ ਪੜ੍ਹਾਈ-ਲਿਖਾਈ।"

"ਬਹੁਤ ਵਧੀਆ ਪਾਪਾ ਜੀ" ਸਾਰੀਆਂ ਨੇ ਇਕੋ ਵਾਰ ਕੱਠਾ ਉੱਤਰ ਦਿੱਤਾ। ਆਪਣੀਆਂ ਧੀਆਂ ਦੇ ਮੂੰਹੋਂ ਇਹ ਗੱਲ ਸੁਣ ਕੇ ਰੱਜੋ ਦੀ ਮਾਂ ਅਤੇ ਸ਼ਮਸ਼ੇਰ ਸਿੰਘ ਦੋਵੇ ਬਹੁਤ ਖੁਸ਼ ਹੋਏ। ਸ਼ਮਸ਼ੇਰ ਸਿੰਘ ਨੇ ਗਲ ਨੂੰ ਜਾਰੀ ਰੱਖਦੇ ਹੋਏ ਕਿਹਾ, "ਦਰਅਸਲ ਗੱਲ ਇਹ ਹੈ ਬੇਟਾ ਜੀ ਕਿ ਤੁਸੀਂ ਇਕ-ਨਾ-ਇਕ ਦਿਨ ਸਾਰੀਆਂ ਨੇ ਆਪੋ-ਆਪਣੇ ਘਰਾਂ ਨੂੰ ਤੁਰ ਜਾਣਾ। ਸੋ, ਮੈਂ ਚਹੁੰਦਾ ਹਾਂ ਕਿ ਮੇਰੀਆਂ ਰਾਜਕੁਮਾਰੀਆਂ ਇੰਨ੍ਹੀ ਕੁ ਕਾਬਲੀਅਤ ਹਾਸਿਲ ਕਰਨ ਕਿ ਤੁਹਾਨੂੰ ਬਿਬੇਕ ਬੁੱਧ ਵਾਲੇ, ਗੁਣਵਾਨ ਵਰ ਪ੍ਰਾਪਤ ਹੋਣ।"

ਬੇਟਾ ਜੀ, ਪੁਰਾਤਨ ਸਮੇਂ ਵਿਚ ਰਾਜਕੁਮਾਰੀਆਂ ਆਪਣਾ ਸਵੰਬਰ ਰਚਾਉਂਦੀਆਂ ਸਨ। ਜਿਸ ਕਲਾ ਵਿਚ ਉਹਨਾਂ ਨੂੰ ਬਹੁਤ ਵੱਡੀ ਮੁਹਾਰਤ ਹਾਸਲ ਹੁੰਦੀ ਸੀ, ਉਹ ਉਸੇ ਕਲਾ ਦੀ ਸ਼ਰਤ ਰੱਖ ਕੇ ਸਵੰਬਰ ਰਚਾਉਂਦੀਆਂ ਸਨ। ਬਈ ਜਿਹੜਾ ਸਾਨੂੰ ਹਰਾ ਦੂੰ ਗਾ, ਉਸ ਦੇ ਗਲ ਵਿਚ ਵਰਮਾਲਾ ਪੈ ਜੂੰਗੀ। ਸੋ ਮੇਰੇ ਕਹਿਣ ਤੋਂ ਭਾਵ ਹੈ ਕਿ ਤੁਸੀਂ ਇੰਨੀ ਕ ਤਰੱਕੀ ਹਾਸਿਲ ਕਰੋ ਅਤੇ ਸ਼ਮਸ਼ੇਰ ਸਿੰਘ ਬੋਲਦਾ-ਬੋਲਦਾ ਚੁੱਪ ਹੋ ਗਿਆ।

ਜੇ, ਕਿਸੇ ਦੀ ਨਜ਼ਰ ਵਿਚ ਕੋਈ ਰਾਜਕੁਮਾਰ ਹੋਵੇ ਤਾਂ ਤੁਸੀਂ ਬੇਝਿਜਕ ਮੈਨੂੰ ਦਸ ਸਕਦੇ ਹੋ। ਸ਼ਮਸ਼ੇਰ ਸਿੰਘ ਨੇ ਲਾਡ-ਪਿਆਰ ਨਾਲ ਆਪਣੀਆਂ ਧੀਆਂ ਨੂੰ ਕਿਹਾ। ਆਪਣੇ ਪਿਤਾ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਰੱਜੋ ਮਨ ਹੀ ਮਨ ਮੁਸਕਰਾਈ। ਉਸਨੇ ਥੋੜਾ ਝਿਜਕਦੇ ਹੋਏ ਕਿਹਾ, "ਪਾਪਾ ਜੀ ਮੇਰੀ ਨਿਗ੍ਹਾਂ ਵਿਚ ਇਕ ਮੁੰਡਾ ਹੈ।" ਦੱਸੋ ਕੌਣ ਹੈ ਬੇਟਾ ਜੀ? ਸ਼ਮਸ਼ੇਰ ਸਿੰਘ ਨੇ ਪੁੱਛਿਆ। ਪਾਪਾ, ਉਹ ਡਰਾਈਵਰ ਦੀ ਨੌਕਰੀ ਕਰਦਾ। ਨਾਮ ਕੀ ਹੈ ਉਸਦਾ ਬੇਟਾ?

ਜੀਤਾ, ਰੱਜੋ ਨੇ ਸ਼ਰਮਾਉਂਦੇ ਹੋਏ ਉੱਤਰ ਦਿੱਤਾ।

ਉਸਦਾ ਪੂਰਾ ਬਾਇਓਡਾਟਾ ਮੈਨੂੰ ਲਿਖ ਕੇ ਦਿਓ, ਮੈਂ ਪਤਾ ਕਰਦਾ ਉਸ ਮੁੰਡੇ ਬਾਰੇ। ਸ਼ਮਸ਼ੇਰ ਸਿੰਘ ਨੇ ਰੱਜੋ ਦੀ ਗੱਲ ਤੇ ਗੋਰ ਕਰਦਿਆ ਕਿਹਾ।

ਰੱਜੋ ਨੇ ਕਾਗਜ਼ ਤੇ ਜੀਤੇ ਦਾ ਨਾਮ ਪਤਾ ਲਿਖ ਕੇ ਆਪਣੇ ਪਾਪਾ ਨੂੰ ਫੜਾ ਦਿੱਤਾ ਅਤੇ ਸਾਰੀਆਂ ਭੈਣਾਂ ਰਾਜਕੁਮਾਰੀਆਂ ਦੀ ਤਰ੍ਹਾਂ ਹਸਦੀਆਂ ਖੇਡਦੀਆਂ ਆਪੋ-ਆਪਣੇ ਕਮਰਿਆਂ ਵਿਚ ਚਲੀਆਂ ਗਈਆਂ।

ਕੁਝ ਦਿਨਾਂ ਬਾਅਦ ਸ਼ਮਸ਼ੇਰ ਸਿੰਘ ਨੇ ਆਪਣੇ ਪਰਿਵਾਰ ਨੂੰ ਦੁਬਾਰਾ ਕਮਰੇ ਵਿਚ ਬੁਲਾਇਆ। ਉਸਨੇ ਆਪਣੀ ਪਤਨੀ ਅਤੇ ਰੱਜੋ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਅੱਜ ਤੋਂ ਬਾਅਦ, ਬੇਟਾ ਜੀ, ਤੁਸੀਂ ਉਸ ਮੁੰਡੇ ਨਾਲ ਕੋਈ ਗਲਬਾਤ ਨਹੀਂ ਰੱਖੋਗੇ, ਮੈਂ ਸਭ ਪਤਾ ਕਰ ਲਿਆ ਉਸ ਬਾਰੇ...। ਉਹ ਡਰਾਈਵਰ ਪਹਿਲਾਂ ਵਿਆਹਿਆ ਹੋਇਆ ਹੈ। ਉਸਦੇ ਪੰਜ ਸਾਲ ਦਾ ਇਕ ਬੇਟਾ ਵੀ ਹੈ ਜੋ ਆਪਣੇ ਨਾਨਕਿਆਂ ਤੇ ਪਲ ਰਿਹਾ। ਗੱਲ ਇੱਥੇ ਹੀ ਨਹੀਂ ਮੁੱਕਦੀ, ਬੇਟਾ ਜੀ, ਉਸਦੀ ਪਤਨੀ ਨੇ ਆਤਮ-ਹੱਤਿਆ ਕੀਤੀ ਹੋਈ ਹੈ।"

ਪਾਪਾ, ਮੈਨੂੰ ਸਭ ਪਤਾ ਹੈ, ਜ਼ਰੂਰੀ ਤਾਂ ਨਹੀਂ ਹਰ ਵਾਰ ਮਰਦ ਹੀ ਗਲਤ ਹੋਵੇ। ਹੋ ਸਕਦਾ ਉਸਦੀ ਪਤਨੀ ਦੀ ਕੋਈ ਆਪਣੀ ਗਲਤੀ ਹੋਵੇ। ਰੱਜੋ ਨੇ ਫੌਰਨ ਉੱਤਰ ਦਿੱਤਾ।

ਤੁਹਾਡੀ ਗੱਲ ਨਾਲ ਮੈਂ ਸਹਿਮਤ ਹਾਂ ਕਿ ਮਰਦ ਹਮੇਸ਼ਾਂ ਗਲਤ ਨਹੀਂ ਹੁੰਦਾ ਪਰ ਜਦ ਧੀ ਵਿਆਹੀ ਜਾਂਦੀ ਤਾਂ ਛੇਤੀ ਕਿਤੇ ਉਹ ਆਪਣਾ ਘਰ ਛੱਡ ਕੇ ਨਹੀਂ ਜਾਂਦੀ। ਬੱਚਿਆਂ ਦੀ ਖਾਤਿਰ ਉਹ ਮਰਦੇ-ਦਮ ਤੱਕ ਸੰਘਰਸ਼ ਕਰਦੀ ਹੈ। ਆਪਣੀ ਮਮਤਾ ਵਾਸਤੇ ਉਹ ਹਰ ਚੀਜ਼ ਨਾਲ ਟਕਰਾਉਣ ਲਈ ਤਿਆਰ ਰਹਿੰਦੀ ਹੈ। ਤੂੰ ਅਜੇ ਨਿਆਣੀ ਹੈ ਰੱਜੋ, ਇਹਨਾਂ ਗੱਲਾਂ ਨੂੰ ਅਜੇ ਤੂੰ ਸਮਝ ਨਹੀਂ ਸਕਦੀ। ਬਸ ਗੱਲ ਮੁੱਕਦੀ, ਅੱਜ ਤੋਂ ਬਾਅਦ ਉਸ ਡਰਾਈਵਰ ਦਾ ਨਾਂ ਕਿਸੇ ਦੀ ਜਬਾਨ ਤੇ ਨਹੀਂ ਹੋਣਾ ਚਾਹੀਦਾ।

ਰੱਜੋ ਹੁਣ ਸਮਝ ਗਈ ਸੀ ਕਿ ਮੇਰਾ ਵਿਆਹ ਜੀਤੇ ਨਾਲ ਤਾਂ ਨਹੀਂ ਹੋ ਸਕਦਾ।

ਕੁਝ ਦਿਨ ਗੁੰਮ-ਸੁੰਮ ਰਹਿਣ ਮਗਰੋਂ ਇਕ ਰਾਤ ਰੱਜੋ ਨੇ ਇਕ ਚਿੱਠੀ ਲਿਖ ਕੇ ਆਪਣੇ ਪਾਪਾ ਦੇ ਕਮਰੇ ਵਿਚ ਰੱਖੀ, ਘਰੋਂ ਕੁਝ ਨਕਦੀ ਅਤੇ ਗਹਿਣੇ ਲੈ ਕੇ ਰਾਤੋ-ਰਾਤ ਜੀਤੇ ਨਾਲ ਫਰਾਰ ਹੋ ਗਈ।

ਸਵੇਰੇ ਸ਼ਮਸ਼ੇਰ ਦੇ ਹੱਥ ਜਦ ਉਹ ਚਿੱਠੀ ਲੱਗੀ ਤਾਂ ਉਸਨੇ ਬਹੁਤ ਦੁਖੀ ਹਿਰਦੇ ਨਾਲ ਆਪਣੀ ਪਤਨੀ ਅਤੇ ਦੂਜੀਆਂ ਧੀਆਂ ਨੂੰ ਪੁੱਛਿਆ ਕਿ ਰੱਜੋ ਕਿੱਥੇ ਹੈ।

ਰੱਜੋ ਦੀ ਮਾਂ ਅਤੇ ਭੈਣਾਂ ਨੇ ਕਿਹਾ ਕਿ ਉਹ ਰਾਤ ਆਪਣੀ ਸਹੇਲੀ ਦੇ ਘਰ ਕਿਸੇ ਫੰਕਸ਼ਨ 'ਚ ਗਈ ਹੈ ਬਸ ਆਉਣ ਹੀ ਵਾਲੀ ਹੈ। ਸ਼ਮਸ਼ੇਰ ਸਿੰਘ ਨੇ ਚੁੱਪ-ਚਾਪ ਉਹ ਚਿੱਠੀ ਰੱਜੋ ਦੀ ਮਾਂ ਵੱਲ ਵਧਾਈ ਅਤੇ ਕਿਹਾ, ਅੱਜ ਤੋਂ ਬਾਅਦ ਰੱਜੋ ਨਾਲ ਸਾਡਾ ਕੋਈ ਨਾਤਾ ਨਹੀਂ ਰਿਹਾ। ਜੇਕਰ ਤੁਹਾਡੇ ਵਿਚੋਂ ਕੋਈ ਉਸ ਨਾਲ ਰਿਸ਼ਤਾ ਰੱਖਣਾ ਚਾਹੁੰਦਾ ਤਾਂ ਉਹ ਹੁਣੇ ਇਸ ਘਰ ਨੂੰ ਛੱਡ ਕੇ ਜਾ ਸਕਦਾ ਹੈ। ਉਸਨੇ ਘਰ ਦੇ ਮੇਨ ਗੇਟ ਵੱਲ ਇਸ਼ਾਰਾ ਕੀਤਾ।

ਸਾਰਾ ਪਰਿਵਾਰ ਦੁਖੀ ਹੋ ਕੇ ਚੁੱਪ ਕਰ ਗਿਆ।

ਉੱਧਰ ਰੱਜੋ ਤੇ ਜੀਤਾ ਕਿੱਥੇ ਭਜ ਨਿਕਲੇ ਕਿਸੇ ਨੂੰ ਕੋਈ ਪਤਾ ਨਹੀਂ ਸੀ। ਸ਼ਮਸ਼ੇਰ ਸਿੰਘ ਨੇ ਨਾ ਕੋਈ ਭਾਲ, ਇਤਲਾਹ ਅਤੇ ਨਾ ਹੀ ਕੀ ਪਰਵਾਹ ਕੀਤੀ ਸਿਵਾਏ ਅੰਦਰੋਂ ਅੰਦਰੀ ਦੁਖੀ ਹੋਣ ਤੋਂ।

ਮਹੀਨਾ-ਡੇਢ ਘੁੰਮਣ ਤੋਂ ਬਾਅਦ ਜੀਤਾ ਰੱਜੋ ਨੂੰ ਆਪਣੇ ਰੈਣ ਬਸੇਰੇ ਵਿਚ ਵਾਪਸ ਲੈ ਆਇਆ। ਉਸਦੀ ਢਾਣੀ ਆਪਣੇ ਪਿੰਡ ਤੋਂ ਦੋ ਕਿਲੋਮੀਟਰ ਪਾਸੇ ਸੀ। ਉਸਦਾ ਘਰ ਇਕ ਕੱਚਾ ਕੋਠਾ, ਢੱਠਿਆ ਜਿਹਾ ਚੌਂਕਾਂ ਅਤੇ ਟੁੱਟੀ-ਭੱਜੀ ਚਾਰ-ਦੀਵਾਰੀ। ਰੱਜੋ ਨੇ ਆਪਣਾ ਕੋਈ ਗਹਿਣਾ ਵੇਚ ਕੇ ਕੱਚੇ ਕੋਠੇ ਨੂੰ ਪੱਕਾ ਕੀਤਾ। ਚੌਂਕੇ ਨੂੰ ਲਿਪਿਆ ਸੰਵਾਰਿਆ ਅਤੇ ਘਰ ਵਿਚ ਵਰਤੋਂ ਯੋਗ ਚੀਜਾਂ ਦੀ ਖਰੀਦਦਾਰੀ ਕਰਕੇ ਘਰ ਨੂੰ ਰਹਿਣ ਯੋਗ ਬਣਾਇਆ।

ਚਲੋ ਜੀ, ਜੀਤੇ ਦਾ ਘਰ ਤਾਂ ਵਸ ਗਿਆ ਪਰੰਤੂ ਨੇੜੇ-ਤੇੜੇ ਦੁਬਾਰਾ ਉਸਨੂੰ ਨੌਕਰੀ ਨਾ ਮਿਲੀ। ਹੁਣ ਉਹ ਘਰ ਵਿਚ ਵਿਹਲਾ ਪਿਆ ਰਹਿੰਦਾ। ਉਸਦੇ ਕਰੀਬੀ ਸੱਜਣ ਉਸਨੂੰ ਆ ਕੇ ਮਿਲ ਜਾਂਦੇ। ਆਪਣੇ ਹਾਸੇ-ਠੱਠੇ ਵਿਚ ਉਹ ਦਾਰੂ-ਪਿਆਲਾ ਵੀ ਪੀਂਦੇ ਰਹਿੰਦੇ।

ਜੀਤੇ ਨੂੰ ਘਰ ਵਿਚ ਵਿਹਲਾ ਬੈਠਾ ਦੇਖ ਰੱਜੋ ਨੇ ਆਪਣੀ ਕੁੱਖ ਵਿਚ ਪਲ ਰਹੇ ਬੱਚੇ ਦੇ ਭਵਿੱਖ ਨੂੰ ਸੋਚ ਕੇ ਆਪਣੇ ਨਜ਼ਦੀਕ ਪੈਂਦੇ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਘਰ ਦਾ ਗੁਜਾਰਾ ਚੱਲਣ ਲੱਗ ਪਿਆ। ਕੁਝ ਮਹੀਨਿਆਂ ਬਾਦ ਰੱਜੋ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਬੱਚਾ ਅਜੇ ਦੋ ਕੁ ਮਹੀਨਿਆਂ ਦਾ ਹੀ ਹੋਇਆ ਕਿ ਰੱਜੋ ਨੇ ਸਕੂਲੀ ਬੱਚਿਆਂ ਦੀ ਪੜ੍ਹਾਈ ਅਤੇ ਆਪਣੀ ਨੌਕਰੀ ਨੂੰ ਦੇਖਦੇ ਹੋਏ ਫਿਰ ਸਕੂਲ ਜਾਣਾ ਆਰੰਭ ਕਰ ਲਿਆ। ਹੁਣ ਆਪਣੇ ਬੱਚੇ ਨੂੰ ਵੀ ਉਹ ਨਾਲ ਲੈ ਜਾਂਦੀ। ਉਹਨਾਂ ਦਿਨਾਂ 'ਚ ਜੀਤੇ ਨੂੰ ਕਿਤੇ ਕੰਮ ਮਿਲ ਗਿਆ। ਪਰ ਹੁਣ ਉਹ ਰੋਜ ਘਰ ਨਾ ਆ ਸਕਦਾ।

ਰੱਜੋ ਬੜੀ ਸਮਝਦਾਰੀ ਅਨੁਸਾਰ ਜੀਤੇ ਦੇ ਘਰ ਨਾ ਹੋਣ ਕਿਸੇ ਨੂੰ ਨਹੀਂ ਸੀ ਦਸਦੀ। ਉਹ ਹਰ ਰੋਜ਼ ਵਿਹੜੇ ਵਿਚ ਮੰਜੇ ਤੇ ਬਿਸਤਰਾ ਵਿਛਾ ਕੇ, ਕੋਲ ਜੀਤੇ ਦੀ ਪੁਰਾਣੀ ਜੁੱਤੀ ਅਤੇ ਇਕ ਮੋਟੀ ਸੋਟੀ ਕੋਲ ਰੱਖ ਦਿੰਦੀ ਤਾਂ ਜੋ ਕਿਸੇ ਨੂੰ ਜੀਤੇ ਘਰ ਨਾ ਹੋਣ ਦਾ ਅਹਿਸਾਸ ਨਾ ਹੋ ਸਕੇ।

ਖ਼ੈਰ ਆਪਣੀ ਸਮਝ ਅਨੁਸਾਰ ਰੱਜੋ ਨੇ ਆਪਣੇ ਤਰੀਕੇ ਨਾਲ ਘਰ ਚਲਾ ਲਿਆ। ਦੂਜੇ ਪਾਸੇ ਜੀਤਾ ਆਪਣੇ ਪੁਰਾਣੇ ਲੱਛਣਾਂ ਤੇ ਆ ਗਿਆ। ਜਿਸਦੀ ਰੱਜੋ ਨੂੰ ਕੋਈ ਭਿਣਕ ਤੱਕ ਨਹੀਂ ਸੀ। ਉਹ ਰੱਜ ਕੇ ਸ਼ਰਾਬ-ਪੀਂਦਾ ਜੂਆ ਖੇਡਦਾ ਅਤੇ ਆਪਣੀ ਤਨਖਾਹ ਦੇ ਸਾਰੇ ਪੈਸੇ ਉਡਾ ਦਿੰਦਾ।

ਇਕ ਦਿਨ ਜੀਤਾ ਆਪਣੇ ਇਕ ਮਿੱਤਰ ਨੂੰ ਘਰ ਨਾਲ ਲੈ ਆਇਆ। ਦੋਹਾਂ ਨੇ ਪੀਤੀ ਖਾਧੀ। ਰੱਜੋ ਦੋਹਾਂ ਲਈ ਖਾਣਾ ਬਣਾ ਕੇ ਕਮਰੇ ਵਿਚ ਆਪਣੇ ਬੱਚੇ ਨਾਲ ਜਾ ਕੇ ਸੌਂ ਗਈ। ਸਵੇਰੇ ਤੜਕੇ ਉਸਨੇ ਫਿਰ ਘਰ ਦਾ ਕੰਮ-ਕਾਜ ਨਿਬੇੜ ਸਕੂਲ ਜਾਣਾ ਸੀ।

ਜੀਤਾ ਅਤੇ ਉਸਦਾ ਮਿੱਤਰ ਦੇਰ ਰਾਤ ਤੱਕ ਦਾਰੂ ਪੀਂਦੇ ਰਹੇ। ਅੱਧੀ ਕੁ ਰਾਤ ਨੂੰ ਉਹਨਾਂ ਦੋਹਾਂ ਦੀ ਆਵਾਜ਼ ਨੂੰ ਸੁਣ ਕੇ ਰੱਜੋ ਅੱਬੜਵਾਹੇ ਉੱਠੀ। ਉਸਦੇ ਅੱਖਾਂ ਖੋਲ ਦੇਖਿਆ ਤਾਂ ਜੀਤਾ ਅਤੇ ਉਸਦਾ ਦੋਸਤ ਰੱਜੋ ਦੇ ਬੈੱਡ ਕੋਲ ਖੜੇ ਸਨ। ਜੀਤਾ ਆਪਣੇ ਮਿੱਤਰ ਨੂੰ ਕੁਝ ਕਹਿ ਰਿਹਾ ਸੀ। ਜੀਤੇ ਦੇ ਮੂੰਹੋਂ ਇਹੋ ਜਿਹੇ ਸ਼ਬਦ ਸੁਣ ਕੇ ਰੱਜੋ ਨੇ ਹੈਰਾਨੀ ਦੇ ਭਾਵ ਜਿਤਾਉਂਦੇ ਹੋਏ ਕਿਹਾ, "ਇਹ ਕੀ ਹੋ ਰਿਹਾ ਹੈ।"

ਦੇਖ ਰੱਜੋ ਇਹ ਮੇਰਾ ਭਰਾ ਹੈ, ਮੇਰਾ ਮਿੱਤਰ, ਸਾਡੇ ਵਿਚ ਕੋਈ ਤੇਰ-ਮੇਰ ਨਹੀਂ, ਇਸ ਕਰਕੇ ਇਹ ਇਥੇ ਤੇਰੇ ਨਾਲ ਹੀ ਬੈੱਡ ਤੇ ਸੌਂ ਜੂਗਾ। ਮੈਂ ਬਾਹਰ ਵਿਹੜੇ ਵਿਚ ਪੈ ਜਾਣਾ। ਨਾਲੇ ਸਾਡੇ ਵਿਚ ਇਹ ਸਭ ਕੁਝ ਪਹਿਲਾਂ ਤੋਂ ਹੀ ਚੱਲਦਾ ਆ ਰਿਹੈ। ਸ਼ਰਾਬੀ ਜੀਤੇ ਨੇ ਆਪਣੇ ਮਨ ਦੇ ਰਾਜ ਇਕ ਮਿੰਟ ਵਿਚ ਬਿਆਨ ਕਰ ਦਿੱਤੇ। ਰੱਜੋ ਨੇ ਜੀਤੇ ਨੂੰ ਧੱਕਾ ਮਾਰਿਆ। ਜੀਤਾ ਹੇਠਾਂ ਡਿਗਣੋ ਬਚਦਾ-ਬਚਦਾ ਬਚ ਗਿਆ। ਜੀਤੇ ਨੇ ਰੱਜੋ ਦੇ ਲਗਾਤਾਰ ਕਈ ਥੱਪੜ ਮਾਰੇ।

ਮੈਂ ਤੈਨੂੰ ਅੱਜ ਜੂਏ ਵਿਚ ਹਾਰਿਆ। ਤੂੰ ਉਹੀ ਕਰੇਗੀ ਜੋ ਮੈਂ ਕਹਾਂਗਾ। ਤੇਰੀ ਭੈਣ ਦੀ ਕਦੇ ਹਿੰਮਤ ਨਹੀਂ ਸੀ ਹੋਈ ਕਿ ਉਹ ਮੇਰੀ ਕੋਈ ਗਲ ਟਾਲਦੀ। ਜੋ ਮੈਂ ਚਹੁੰਦਾ ਸੀ ਉਹ ਉਹੀ ਕਰਦੀ ਸੀ ਪਰ ਪਤਾ ਨਹੀਂ ......... ਜੀਤਾ ਬੋਲਦਾ ਬੋਲਦਾ ਚੁੱਪ ਕਰ ਗਿਆ। ਉਹ ਆਪਣੀ ਮਰ ਚੁੱਕੀ ਘਰ ਵਾਲੀ ਬਾਰੇ ਸਭ ਕੁਝ ਬਿਆਨ ਕਰ ਗਿਆ ਸੀ।

ਰੱਜੋ ਜਿਵੇਂ ਸੁੰਨ ਹੋ ਗਈ। ਉਸਨੂੰ ਲੱਗਿਆ ਜਿਵੇਂ ਉਸਦੀ ਦੁਨੀਆਂ ਲੁੱਟੀ ਗਈ ਹੋਵੇ। ਉਸਦੇ ਜਿਊਣ ਦਾ ਵਜੂਦ ਹੀ ਖਤਮ ਹੋ ਗਿਆ ਹੋਏ। ਉਹ ਉੱਚੀ-ਉੱਚੀ ਰੋਣ ਲੱਗ ਪਈ। ਉਸਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਕਰੇ ਤਾਂ ਕੀ ਕਰੇ। ਰੋਂਦੀ-ਰੋਂਦੀ ਉਹ ਕੰਬਣ ਲੱਗੀ। ਪਰੰਤੂ ਜੀਤੇ ਨੂੰ ਉਸਦੀ ਰਤਾ ਵੀ ਪਰਵਾਹ ਨਾ ਹੋਈ। ਉਸਨੂੰ ਸਿਰਫ ਇੰਨ੍ਹਾਂ ਹੀ ਪਤਾ ਸੀ ਕਿ ਰੱਜੋ ਨੂੰ ਉਸਨੇ ਜੂਏ 'ਚ ਹਾਰਿਆ ਹੈ। ਰੱਜੋ ਨੇ ਸੋਚਿਆ ਕਿ ਕੋਈ ਵੀ ਉਸਦਾ ਨਹੀਂ ਰਿਹਾ। ਜੇਰ ਉਸਦਾ ਕੋਈ ਹੈ ਤਾਂ ਉਸਦਾ ਮਸੂਮ ਪੁੱਤ, ਜਿਹੜਾ ਆਪਣੀ ਮਾਂ ਨੂੰ ਦੇਖ ਰੋ ਰਿਹਾ ਸੀ। ਰੱਜੋ ਨੇ ਆਪਣੇ ਰੋਂਦੇ ਬੱਚੇ ਵੱਲ ਦੇਖਿਆ। ਬਸ ਇਕ ਝਾਤ ਦੀ ਦੇਰ ਸੀ ਕਿ ਉਸਨੇ ਨਜ਼ਦੀਕ ਪਈ ਇਕ ਲੋਹੇ ਦੀ ਰਾੜ ਚੱਕ ਲਈ। ਉਸਨੇ ਗੁੱਸੇ ਵਿਚ ਇੰਨੀ ਤੇਜ਼ੀ ਨਾਲ ਜੀਤੇ ਤੇ ਉਸਦੇ ਦੋਸਤ ਤੇ ਅਜਿਹਾ ਵਾਰ ਕੀਤਾ ਕਿ ਉਹ ਦੋਵੇਂ ਬੇਹੋਸ਼ ਹੋ ਕੇ ਡਿੱਗ ਪਏ। ਉਸਨੇ ਆਪਣੇ ਮਸੂਮ ਬੱਚੇ ਨੂੰ ਚੁੱਕ ਕੇ ਕਮਰੇ ਵਿਚੋਂ ਬਾਹਰ ਨਿਕਲ ਕੇ ਬਾਹਰੋਂ ਦਰਵਾਜੇ ਦਾ ਕੁੰਡਾ ਲਾ ਦਿੱਤਾ। ਪਾਗਲਾਂ ਵਾਲੀ ਹਾਲਤ ਵਿਚ ਉਹ ਆਪਣਾ ਸਮਾਨ ਇੱਕਠਾ ਕਰਨ ਲੱਗੀ। ਉਸਨੇ ਤਾਰ ਤੋਂ ਆਪਣੇ ਤੇ ਬੱਚੇ ਦੇ ਕੱਪੜੇ ਲਾਹ ਕੇ ਇਕ ਥੈਲੇ ਵਿਚ ਪਾਏ। ਚੌਂਕੇ ਵਿਚ ਕਿੱਲੀ ਤੇ ਟੰਗਿਆ ਨਿੱਕਾ ਜਿਹਾ ਪਰਸ, ਜਿਸ ਵਿਚ ਦੋ-ਚਾਰ ਸੋ ਨਕਦੀ, ਛੋਟਾ ਜਿਹਾ ਮੋਬਾਇਲ ਸੀ ਚੁੱਕ ਲਿਆ। ਕੰਧੋਲੀ ਉੱਪਰ ਰੱਖੀ ਬੈਟਰੀ ਅਤੇ ਲੋਹੇ ਦੀ ਰਾੜ ਸਭ ਚੀਜਾਂ ਕੱਠੀਆਂ ਕਰਕੇ ਆਪਣੇ ਬੱਚੇ ਨੂੰ ਗੋਦ ਵਿਚ ਲੈ ਕੇ ਦਰਵਾਜੇ ਦੀ ਕੰਧ ਨਾਲ ਢੋਹ ਲਾ ਕੇ ਬੈਠ ਗਈ। ਉਸਦੇ ਦਿਲ-ਦਿਮਾਗ ਵਿਚ ਚਲ ਰਹੇ ਵਿਚਾਰਾਂ ਦਾ ਭੂਚਾਲ ਮੱਚਿਆ ਹੋਇਆ ਸੀ। ਆਪਣੇ ਹੱਥੀ ਵਸਾਇਆ ਹੋਇਆ ਘਰ ਅੱਜ ਉਸ ਲਈ ਖੌਫਨਾਕ ਬਣ ਚੁੱਕਾ ਸੀ। ਆਪਣੇ ਬੱਚੇ ਨੂੰ ਥਪ-ਥਪਾਉਂਦੇ ਹੋਏ ਉਸਨੇ ਸਮਾਂ ਦੇਖਿਆ ਤਾਂ ਅਜੇ ਡੇਢ ਵੱਜਿਆ ਸੀ। ਅੱਧੀ ਰਾਤ ਨੂੰ ਘਰੋਂ ਨਿਕਲਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ। ਇਹ ਸੋਚ ਕੇ ਨਾ ਚਹੁੰਦਿਆ ਹੋਇਆ ਵੀ ਉਹ ਰੁਕ ਗਈ। ਕੁਝ ਸਮੇਂ ਬਾਅਦ ਉਸਨੂੰ ਬਾਹਰੋਂ ਕਿਸੇ ਹਾਲੀ ਦੇ ਗੁਣ-ਗਣਾਉਣ ਦੀ ਆਵਾਜ਼ ਆਈ ਜੋ ਆਪਣੇ ਖੇਤਾਂ ਨੂੰ ਪਾਣੀ ਲਾ ਰਿਹਾ ਸੀ। ਰੱਜੋ ਨੂੰ ਹੌਸਲਾ ਹੋ ਗਿਆ। ਉਸਨੇ ਆਪਣੇ ਬੱਚੇ ਨੂੰ ਚੰਗੀ ਤਰ੍ਹਾਂ ਆਪਣੇ ਕੰਧੇ ਉਪਰ ਬੰਨ ਲਿਆ। ਸਿਰ ਤੋਂ ਆਪਣੀ ਚੁੰਨੀ ਲਾਹ ਕੇ ਉਸਨੇ ਮਰਦਾਂ ਵਾਂਗ ਸਿਰ ਤੇ ਪਰਨਾ ਬੰਨਿਆ। ਆਪਣੇ ਇੱਕ ਹੱਥ ਵਿਚ ਕੱਪੜਿਆਂ ਵਾਲਾ ਥੈਲਾ ਅਤੇ ਲੋਹੇ ਦੀ ਰਾੜ ਫੜ ਲਈ। ਦੂਸਰੇ ਹੱਥ ਵਿਚ ਬੈਟਰੀ ਚੱਕ ਉੱਪਰ ਖੇਸ ਦੀ ਬੁੱਕਲ ਮਾਰ ਉਹ ਘਰੋਂ ਤੁਰ ਪਈ। ਉਸਨੇ ਆਪਣੇ ਘਰ ਨੂੰ ਇਕ ਵਾਰ ਮੁੜ ਕੇ ਦੇਖਿਆ। ਉਸਦੇ ਸੀਨੇ ਵਿਚ ਇਕ ਚੀਸ ਉੱਠੀ ਤੇ ਮੂੰਹੋ ਆਪ-ਮੁਹਾਰੇ ਨਿਕਲਿਆ, "ਜ਼ਿੰਦਗੀ ਦੇ ਸਜਾਏ ਹੋਏ ਸੁਪਨੇ ਇਸ ਤਰ੍ਹਾਂ ਬਿਖਰ ਕੇ ਰਹਿ ਜਾਣਗੇ ਇਹ ਕਦੇ ਉਸਨੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ।" ਰੋਂਦੀ-ਰੋਂਦੀ ਦੇ ਕਦਮ ਘਰ ਤੋਂ ਹਨੇਰੇ ਵਲ ਵਧਣ ਲੱਗੇ। ਉਸਦੀ ਢਾਣੀ ਵੀ ਪਿੰਡੋਂ ਦੂਰ ਹੋਣ ਕਰਕੇ ਪੈਂਡਾ ਵੀ ਉਸਨੇ ਕਾਫੀ ਤੈਹ ਕਰਨਾ ਸੀ। ਰਾਤ ਦੇ ਗੂੜੇ ਹਨੇਰੇ ਵਿਚ ਕੱਚੇ ਰਾਹ ਤੇ ਉੱਗੇ ਸਰ-ਕਾਨੇ ਵੀ ਬਹੁਤ ਡਰਾਉਣਾ ਰੂਪ ਧਾਰੀ ਖੜੇ ਸੀ। ਪਰ ਰੱਜੋ ਬੇਪਰਵਾਹ ਹੋ ਕੇ ਵਗੀ ਜਾ ਰਹੀ ਸੀ। ਦੂਰੋਂ ਉਸ ਹਾਲੀ ਨੇ ਰੱਜੋ ਨੂੰ ਦੇਖ ਆਵਾਜ਼ ਦਿੱਤੀ, "ਓ ਕਹਿੜਾ ਬਈ।" ਰੱਜੋ ਨੇ ਅੱਗੋ ਮਰਦਾਂ ਵਰਗੀ ਆਵਾਜ਼ ਕੱਢ ਕੇ ਗੋਲਮੋਲ ਉੱਤਰ ਵਿਚ ਕਿਹਾ, "ਕਿਵੇਂ ਆ ਬਈ, ਸਭ ਠੀਕ ਹੈ।" "ਸਭ ਠੀਕ ਆ, ਚੜਦੀ ਕਲਾ।" ਅੱਗੋਂ ਆਵਾਜ਼ ਆਈ।

ਰੱਜੋ ਆਪਣੀ ਢਾਣੀ ਤੋਂ ਪਿੰਡ ਪਹੁੰਚ ਕੇ ਬਸ ਅੱਡੇ ਤੇ ਰੁਕ ਗਈ। ਉਸਨੂੰ ਸਾਹ ਚੜ੍ਹਿਆ ਹੋਇਆ ਸੀ। ਥੋੜਾ ਦਮ ਲੈਣ ਤੋਂ ਬਾਅਦ ਉਸਨੇ ਇਕ ਲੰਮਾ ਸਾਹ ਲਿਆ। ਉਸਨੇ ਆਪਣੇ ਚਾਰ-ਚੁਫੇਰੇ ਦੇਖਿਆ ਤਾਂ ਸੁੰਨਸਾਨ ਸੀ। ਬਸ ਅੱਡੇ ਵਿਚਲੀ ਬਣੀ ਥੜੀ ਉਪਰ ਕੁਝ ਮਿੰਟ ਉਸਨੇ ਤੜਕਾ ਹੋਣ ਦਾ ਇੰਤਜਾਰ ਕੀਤਾ। ਹੁਣ ਸਮਾਂ ਦੇਖਿਆ ਤਾਂ ਤਿੰਨ ਵਜ ਚੁੱਕੇ ਸਨ। ਉਸਨੇ ਅਜੇ ਪਿੰਡੋਂ ਤਿੰਨ ਕਿਲੋਮੀਟਰ ਦੂਰ ਪੈਂਦੀ ਮੰਡੀ ਵਿਚ ਪਹੁੰਚਣਾ ਸੀ ਜਿੱਥੋਂ ਉਸਨੂੰ ਸ਼ਹਿਰ ਨੂੰ ਜਾਂਦੀ ਬੱਸ ਪੰਜ ਵਜੇ ਦੇ ਕਰੀਬ ਹੀ ਮਿਲ ਜਾਣੀ ਸੀ। ਕੁਝ ਪਲ ਸੋਚਣ ਤੋਂ ਬਾਅਦ ਰੱਬ ਨੂੰ ਧਿਆ ਕੇ ਰੱਜੋ ਨੇ ਅਗਲਾ ਪੈਂਡਾ ਤੈਹ ਕਰਨਾ ਸ਼ੁਰੂ ਕੀਤਾ। ਤੁਰੀ ਜਾਂਦੀ ਨੂੰ ਉਸਨੂੰ ਆਪਣੇ ਬੱਚੇ ਦਾ ਸਾਹ ਸਾਫ਼ ਸੁਣਾਈ ਦੇ ਰਹੇ ਸਨ, ਬੱਚਾ ਘੂਕ ਸੁੱਤਾ ਹੋਇਆ ਸੀ। ਉਸ ਮਸੂਮ ਦੇ ਨਿੱਕੇ-ਨਿੱਕੇ ਸਾਹ ਰੱਜੋ ਨੂੰ ਹੌਂਸਲਾ ਦੇ ਰਹੇ ਸੀ। ਉਹਨਾਂ ਸਾਹਾਂ ਨੂੰ ਉਹ ਇਕ ਚੰਗਾਂ ਭਵਿੱਖ ਦੇਣਾ ਚਹੁੰਦੀ ਸੀ। ਵਗੀ ਜਾਂਦੀ ਨੂੰ ਉਸਨੂੰ ਆਪਣੇ ਦੂਰੋ-ਨੇੜਿਓ ਅੰਮ੍ਰਿਤ ਵੇਲੇ ਦੀਆਂ ਗੁਰਬਾਣੀ ਦੀਆਂ ਆਵਾਜਾਂ ਆਉਣ ਲੱਗੀਆ। ਉਸਦਾ ਹੌਸਲਾ ਦੁੱਗਣਾ ਹੋ ਗਿਆ। ਬਿਨਾਂ ਕਿਸੇ ਮੁਸੀਬਤ ਤੋਂ ਉਸਨੇ ਆਪਣਾ ਪੰਧ ਮੁਕਾ ਲਿਆ ਸੀ। ਉਹ ਆਪਣੀ ਹਿੰਮਤ ਅਤੇ ਦਲੇਰੀ ਨਾਲ ਮੰਡੀ ਪਹੁੰਚ ਗਈ। ਉਸਨੂੰ ਨਹੀਂ ਸੀ ਪਤਾ ਕਿ ਉਸਨੇ ਕਿਥੇ ਜਾਣਾ। ਨਾ ਕੋਈ ਰਾਹ, ਨਾ ਕੋਈ ਮੰਜਿਲ ਪਰੰਤੂ ਰਾਤ ਹੋਣ ਤੋਂ ਪਹਿਲਾਂ ਆਪਣੇ ਬੱਚੇ ਨੂੰ ਲੈ ਕੇ ਉਸਨੇ ਕਿਸੇ ਸੁਰੱਖਿਅਤ ਥਾਂ ਤੇ ਜ਼ਰੂਰ ਪਹੁੰਚਣਾ ਸੀ। ਮੰਡੀ ਬਸ ਸਟੈਂਡ ਆ ਕੇ ਉਸਨੇ ਦੇਖਿਆ ਕਿ ਅਜੇ ਉਹ ਉਥੇ ਕੱਲੀ ਹੀ ਖੜੀ ਸੀ। ਉਸਨੇ ਨਲਕੇ ਤੋਂ ਰੱਜ ਕੇ ਪਾਣੀ ਪੀਤਾ, ਆਪਣਾ ਮੂੰਹ ਹੱਥ ਧੋ ਕੇ ਹੁਲੀਆ ਸੰਵਾਰਿਆ। ਉਸਨੇ ਆਪਣੇ ਬੱਚੇ ਨੂੰ ਆਪਣੀ ਪਿੱਠ ਤੋਂ ਖੋਲ ਕੇ ਆਪਣੀ ਬੁੱਕਲ ਵਿਚ ਲਿਆ। ਉਸਦਾ ਮਨ ਥੋੜਾ ਸ਼ਾਂਤ ਹੋਇਆ। ਅੱਜ ਉਸਨੂੰ ਆਪਣੇ ਨਾਲੋਂ ਆਪਣੇ ਬੱਚੇ ਦੀ ਚਿੰਤਾਂ ਜਿਆਦਾ ਸਤਾ ਰਹੀ ਸੀ। ਕੁਝ ਸੋਚਣ ਤੋਂ ਬਾਅਦ ਉਸਨੇ ਇਕ ਫੈਸਲਾ ਲਿਆ ਕਿ ਉਹ ਕਿਸੇ ਇਤਿਹਾਸਿਕ ਗੁਰਦੁਆਰਾ ਸਾਹਿਬ 'ਚ ਕੁਝ ਦਿਨ ਸ਼ਰਨ ਲਵੇਗੀ ਜਿਥੇ ਕਿ ਉਸਨੂੰ ਭੁੱਖ-ਪਿਆਸ ਦੀ ਕੋਈ ਚਿੰਤਾ ਨਹੀਂ ਰਹੇਗੀ। ਉਹ ਆਪਣੇ ਬੱਚੇ ਨਾਲ ਪੂਰੀ ਸੁਰੱਖਿਅਤ ਵੀ ਹੋਵੇਗੀ। ਉਸਤੋਂ ਬਾਅਦ ਉਹ ਆਪਣੇ ਰਹਿਣ ਦੀ ਵਿਵਸਥਾ ਜੁਟਾ ਕੇ ਖੂਬ ਮਿਹਨਤ ਕਰੇਗੀ ਤਾਂ ਜੋ ਉਹ ਆਪਣੇ ਬੱਚੇ ਦੀ ਜ਼ਿੰਦਗੀ ਸੰਵਾਰ ਸਕੇ।

ਇਹ ਸਭ ਸੋਚਣ ਤੋਂ ਬਾਅਦ ਉਸਨੇ ਬੱਚੇ ਨੂੰ ਆਪਣਾ ਦੁੱਧ ਪਿਲਾਇਆ। ਇਨੇ ਨੂੰ ਉਥੇ ਇਕ ਦੋ ਸਵਾਰੀਆਂ ਹੋਰ ਆ ਗਈਆਂ। ਰੱਜੋ ਨੇ ਬੱਚੇ ਦਾ ਮੂੰਹ ਪੂੰਝਿਆ। ਦੂਰੋਂ ਆਉਂਦੀ ਬਸ ਨੇ ਹਾਰਨ ਦਿੱਤਾ। ਉਹ ਤੇਜ਼ੀਨਾਲ ਅੱਗੇ ਹੋ ਕੇ ਬਸ ਦੇ ਰੁਕਣ ਦਾ ਇੰਤਜਾਰ ਕਰਨ ਲੱਗੀ। ਬਸ ਨੇੜੇ ਕੇ ਰੁਕ ਗਈ। ਕੰਡਕਟਰ ਸੀਟੀ ਮਾਰ ਕੇ ਹੇਠਾਂ ਉਤਰਿਆ। ਰੱਜੋ, ਬਸ ਵਿਚ ਜਾ ਕੇ ਸੀਟ ਤੇ ਬੈਠ ਗਈ। ਉਸਦੇ ਮਨ ਦੇ ਵਿਚਾਰ ਆਪਣੇ ਹੀ ਸੁਆਲ-ਜੁਆਬ ਕਰੀ ਜਾ ਰਹੇ ਸਨ। ਹੁਣ, ਆਪਣੇ ਮਾਂ-ਬਾਪ ਦੀਆਂ ਗੱਲਾਂ ਉਸਨੂੰ ਬੜੀ ਸਹਿਜਤਾ ਨਾਲ ਸਮਝ ਆ ਗਈਆਂ ਸਨ। ਪਰ ਹੁਣ ਕੁਝ ਵੀ ਤਾਂ ਨਹੀਂ ਹੋ ਸਕਦਾ।

ਉਸਦੇ ਵਿਚਾਰਾਂ ਦੀ ਲੜੀ ਲੰਬੀ ਹੁੰਦੀ ਗਈ। ਅਚਾਨਕ, ਬਸ ਤੁਰਨ ਦੇ ਇਸ਼ਾਰੇ 'ਚ ਕੰਡਕਟਰ ਵੱਲੋਂ ਵੱਜੀ ਸੀਟੀ ਨੇ ਉਸਦੇ ਮਨ ਨੂੰ ਇਕ ਵਾਰ ਜ਼ਰੂਰ ਠੱਲ ਪਾਈ। ਉਸਨੇ ਬਸ ਦੀ ਖਿੜਕੀ ਵਿਚੋਂ ਬਾਹਰ ਵੱਲ ਝਾਤੀ ਮਾਰੀ ਤਾਂ ਸੰਘਣੇ ਹਨੇਰੇ ਨੂੰ ਚੀਰਦੀ ਹੋਈ ਸੂਰਜ ਦੀ ਲਾਲੀ ਇਕ ਨਵੀਂ ਸਵੇਰ ਲੈ ਕੇ ਹਾਜ਼ਰ ਹੋ ਰਹੀ ਸੀ। ਜੋ ਉਹਨਾਂ ਦੀ ਜ਼ਿੰਦਗੀ ਨੂੰ ਜ਼ਰੂਰ ਉਜਾਲੇ ਨਾਲ ਭਰ ਦੇਵੇਗੀ। ਇਹ ਸੋਚ ਕੇ ਉਸਨੇ ਆਪਣੇ ਅੱਥਰੂ ਪੂੰਝ ਲਏ ਅਤੇ ਬੱਚੇ ਵੱਲ ਦੇਖ ਮੁਸਕਰਾਈ। ਉਸਦੇ ਨੰਨੇ ਬੱਚੇ ਵੱਲੋਂ ਪਾਈ ਹੋਈ ਨਿੱਕੀ ਗਲਵੱਕੜੀ ਨੇ ਉਸਨੂੰ ਪਿਆਰ ਦਾ ਅਹਿਸਾਸ ਦਿੱਤਾ। ਉਸਨੇ ਦੇਖਿਆ ਕਿ ਬਸ ਆਪਣੀ ਅਗਲੀ ਮੰਜਿਲ ਤੇ ਪਹੁੰਚਣ ਲਈ ਪੂਰੀ ਸਪੀਡ ਤੇ ਜਾ ਰਹੀ ਸੀ। ਰੱਜੋ ਨੇ ਆਪਣੇ ਬੱਚੇ ਨੂੰ ਹੋਰ ਘੁੱਟ ਕੇ ਸੀਨੇ ਨਾਲ ਲਾ ਲਿਆ।